# ਐਕਟ ਪਹਿਲਾ

## ਸੀਨ ਪਹਿਲਾ

(ਸ਼ਾਹੀ ਹਕੀਮ ਦਾਖ਼ਿਲ ਹੁੰਦਾ ਹੈ।)

ਹਕੀਮ : ਮੈਂ ਸ਼ਾਹੀ ਹਕੀਮ ਹਾਂ। ਇਨ੍ਹਾਂ ਉਂਗਲੀਆਂ ਨੇ ਕੋਈ ਬਾਦਸ਼ਾਹਾਂ ਦੀਆਂ ਨਬਜ਼ਾਂ ਨੂੰ ਟੋਹਿਆ, ਜ਼ਮਾਨੇ ਦੀ ਉਭਰਦੀ ਤੇ ਡੁੱਬਦੀ ਧੜਕਣ ਨੂੰ ਮਹਿਸੂਸ ਕੀਤਾ ਅਤੇ ਬਦਲਦੀ ਹੋਈ ਵਫ਼ਾਦਾਰੀ ਦੇ ਭੇਦ ਨੂੰ ਪਛਾਣਿਆ।

ਜਦੋਂ ਨਬਜ਼ਾਂ ਛੁੱਟਣ ਲਗਦੀਆਂ ਹਨ ਤਾਂ ਮੈਨੂੰ ਤਲਬ ਕੀਤਾ ਜਾਂਦਾ ਹੈ। ਕਈ ਬਾਦਸ਼ਾਹਾਂ ਨੇ ਤਖ਼ਤ ਉਤੇ ਹੀ ਦਮ ਤੋੜ ਦਿੱਤਾ। ਉਧਰ ਲਾਸ਼ ਠੰਢੀ ਵੀ ਨਹੀਂ ਹੋਈ ਹੁੰਦੀ ਕਿ ਤਖ਼ਤ ਦੇ ਵਾਰਿਸ ਆਪਸ ਵਿਚ ਝਗੜਨ ਲਗਦੇ ਹਨ। ਹਰ ਬਾਦਸ਼ਾਹ ਜਦੋਂ ਆਉਂਦਾ ਹੈ ਹਫੜਾਦਫੜੀ ਹੁੰਦੀ ਹੈ, ਤੇ ਹਫੜਾਦਫੜੀ ਛਡ ਕੇ ਹੀ ਉਹ ਚਲਾ ਜਾਂਦਾ ਹੈ।

ਛੱਬੀ ਸਾਲ ਪਹਿਲਾਂ ਕੁਤਬ-ਉਦ-ਦੀਨ ਏਬਕ ਚੌਗਾਨ ਖੇਡਦਾ ਘੋੜੇ ਤੋਂ ਡਿਗਿਆ ਤਾਂ ਮੈਨੂੰ ਤਲਬ ਕੀਤਾ ਗਿਆ। ਉਸ ਦੀ ਸ਼ਕਲ ਦੇਖ ਕੇ ਮੇਰਾ ਮੱਥਾ ਠਣਕਿਆ। ਸਾਰੇ ਵਜ਼ੀਰ ਉਸ ਨੂੰ ਜ਼ਿੰਦਗੀ ਦਾ ਯਕੀਨ ਦਿਵਾ ਰਹੇ ਸਨ। ਉਸੇ ਰਾਤ ਉਹ ਦਮ ਤੋੜ ਗਿਆ। ਅੱਜ ਸੁਲਤਾਨ ਅਲਤਮਸ਼ ਵੀ ਨੀਮ-ਬੇਹੋਸ਼ੀ ਵਿਚ ਆਪਣੀ ਬੇਟੀ ਰਜ਼ੀਆ ਦਾ ਨਾਂ ਲੈ ਰਿਹਾ ਹੈ। ਉਸ ਦੇ ਦਰਬਾਰੀ ਉਸ ਨੂੰ ਜ਼ਿੰਦਗੀ ਦਾ ਯਕੀਨ ਦਿਵਾ ਰਹੇ ਹਨ। ਮੈਂ ਵੀ ਸੁਲਤਾਨ ਨੂੰ ਇਹੋ ਆਖਿਆ ਕਿ ਰੱਬ ਦੀ ਮਿਹਰ ਨਾਲ ਤੁਸੀਂ ਛੇਤੀ ਰਾਜ਼ੀ ਹੋ ਜਾਓਗੇ, ਚਿੰਤਾ ਨਾ ਕਰੋ। ਪਰ ਮੈਂ ਝੂਠ ਆਖਿਆ ਸੀ। ਸ਼ਾਹੀ ਹਕੀਮ ਦਾ ਫ਼ਰਜ਼ ਹੈ ਕਿ ਉਹ ਦਮ ਤੋੜਦੇ ਹੋਏ ਬਾਦਸ਼ਾਹ ਨੂੰ ਉਸ ਦੀ ਲੰਮੀ ਉਮਰ ਦਾ ਯਕੀਨ ਦਿਵਾਏ। ਹਿਕਮਤ ਦੇ ਅਸੂਲ ਅਨੁਸਾਰ ਇਹ ਝੂਠ ਦਰਅਸਲ ਸੱਚ ਦਾ ਹੀ ਲਿਸ਼ਕਾਰਾ ਹੈ।

ਯਾਦ ਰਖੋ ਜੇ ਤੁਹਾਡੇ ਦਰਬਾਰੀ ਤੁਹਾਡੀ ਤਾਕਤ ਦੇ ਗੁਣ ਗਾਉਣ ਲਗ ਪੈਣ ਤਾਂ ਇਹ ਤੁਹਾਡੀ ਕਮਜ਼ੋਰੀ ਦੀ ਨਿਸ਼ਾਨੀ ਹੈ। ਜੇ ਫੇਫੜੇ ਜ਼ਿਆਦਾ ਕੰਮ ਕਰਨ ਲੱਗਣ ਤਾਂ ਸਾਹ ਉਖੜਨ ਦਾ ਖ਼ਤਰਾ ਹੈ.....ਇਹ ਕੌਣ ਆ ਰਿਹਾ ਹੈ ? ਸ਼ਾਹ ਤੁਰਕਾਨ—ਅਲਤਮਸ਼ ਦੀ ਬਦਲੇਖ਼ੋਰ ਕਨੀਜ਼ ਜੋ ਹੁਣ ਮਲਿਕਾ ਬਣੀ ਹੋਈ ਹੈ।

(ਸ਼ਾਹ ਤੁਰਕਾਨ ਦਾਖ਼ਿਲ ਹੁੰਦੀ ਹੈ। ਹਕੀਮ ਝੁਕ ਕੇ ਆਦਾਬ ਕਰਦਾ ਹੈ।)

ਸ਼ਾਹ ਤੁਰਕਾਨ: ਤੂੰ ਸੁਲਤਾਨ ਦੇ ਸਿਰਹਾਣੇ ਆਖਿਆ ਕਿ ਉਹ ਰਾਜ਼ੀ ਹੋ ਜਾਣਗੇ। ਪਰ ਤੂੰ ਅਸਲ ਗੱਲ ਲੁਕੋ ਰਿਹਾ ਏਂ।

ਹਕੀਮ : ਮਲਿਕਾਇ-ਆਲੀਆ, ਇਹ ਨੀਂਦ ਉਨ੍ਹਾਂ ਲਈ ਬਹੁਤ ਚੰਗੀ ਹੈ।

ਸ਼ਾਹ
ਤੁਰਕਾਨ : ਝੂਠਾ ਉਨ੍ਹਾਂ ਦੇ ਚਿਹਰੇ ਉੱਤੇ ਸਿਆਹੀ ਫਿਰ ਗਈ ਹੈ।

ਹਕੀਮ : ਮੈਂ ਪਹਿਲਾ ਉਨ੍ਹਾਂ ਨੂੰ ਜਵਾਹਰ-ਮੋਹਰਾ ਦਿਤਾ ਤੇ ਫਿਰ ਗਾਓ ਜ਼ੁਬਾਨ ਦਾ ਅੰਬਰੀ ਖ਼ਮੀਰਾ। ਦਿਲ ਦੀ ਹਰਕਤ ਹੁਣ ਪਹਿਲਾਂ ਨਾਲੋਂ ਠੀਕ ਹੈ, ਰੱਬ ਉੱਤੇ ਭਰੋਸਾ ਰਖੋ।

ਸ਼ਾਹ
ਤੁਰਕਾਨ : ਹੁਣੇ ਨਮਾਜ਼ ਪੜ੍ਹਨ ਪਿੱਛੋਂ ਮੈਂ ਇਸਤਖ਼ਾਰਾ ਦੇਖਿਆ। ਇਸ ਵਾਰ ਸਿਹਤਯਾਬੀ ਮੁਸ਼ਕਲ ਨਜ਼ਰ ਆਉਂਦੀ ਹੈ। ਇਸ ਵੇਲੇ ਉਹ ਹੋਸ਼ ਵਿਚ ਨਹੀਂ। ਰਜ਼ੀਆ ਉਨ੍ਹਾਂ ਦੇ ਕੋਲ ਬੈਠੀ ਹੈ। ਉਹ ਸੁਲਤਾਨ ਨੂੰ ਵਰਗਲਾਉਣਾ ਚਾਹੁੰਦੀ ਹੈ ਤਾਂ ਜੁ ਮੇਰਾ ਪੁੱਤ ਤਖ਼ਤ ਤੋਂ ਵਾਂਝਾ ਰਹਿ ਜਾਵੇ। ਮੈਂ ਇਹ ਹਰਗਿਜ਼ ਨਹੀਂ ਹੋਣ ਦੇਵਾਂਗੀ।

(ਨਿਜ਼ਾਮ-ਉਲ-ਮੁਲਕ ਮੁਹੰਮਦ ਜੁਨੈਦੀ ਤੇ ਸ਼ੇਖ਼-ਉਲ-ਇਸਲਾਮ ਸੱਯਦ ਨੂਰ-ਉਦ-ਦੀਨ ਮੁਬਾਰਿਕ ਗ਼ਜ਼ਨਵੀ ਦਾਖ਼ਿਲ ਹੁੰਦੇ ਹਨ।)

ਸ਼ੇਖ਼-ਉਲ-
ਇਸਲਾਮ : ਮਲਿਕਾ ਉੱਤੇ ਖ਼ੁਦਾਵੰਦ ਕਰੀਮ ਦੀ ਰਹਿਮਤ ਹੋਵੇ!

ਜੁਨੈਦੀ : ਖ਼ਾਦਿਮ ਨੂੰ ਯਾਦ ਕੀਤਾ।

ਸ਼ਾਹ
ਤੁਰਕਾਨ : ਇਸ ਔਖੀ ਘੜੀ ਵਿਚ ਮੈਨੂੰ ਤੁਹਾਡੀ ਲੋੜ ਹੈ। ਤਖ਼ਤ ਸਾਜ਼ਿਸ਼ੀ ਲੋਕਾਂ ਨਾਲ ਘਿਰਿਆ ਹੋਇਆ ਹੈ। ਸੁਲਤਾਨ ਦੇ ਕੰਨਾਂ ਵਿਚ ਉਨ੍ਹਾਂ ਲੋਕਾਂ ਦੀ ਹੀ ਆਵਾਜ਼ ਪਹੁੰਚਦੀ ਹੈ। ਮੇਰਾ ਦਿਲ ਕੰਬ ਰਿਹਾ ਹੈ।

ਜੁਨੈਦੀ : ਤੁਸੀਂ ਫ਼ਿਕਰ ਨਾ ਕਰੋ। ਮੈਂ ਸ਼ਮਸੀ ਸਲਤਨਤ ਦਾ ਵਫ਼ਾਦਾਰ ਹਾਂ। ਜਦੋਂ ਸੁਲਤਾਨ ਮੈਨੂੰ ਬਗ਼ਦਾਦ ਤੋਂ ਲੈ ਕੇ ਆਏ ਤੇ ਨਿਜ਼ਾਮ-ਉਲ-ਮੁਲਕ ਦਾ ਰੁਤਬਾ ਬਖ਼ਸ਼ਿਆ ਤਾਂ ਮੈਂ ਬਚਨ ਦਿੱਤਾ ਸੀ ਕਿ ਮਰਦੇ ਦਮ ਤਕ ਆਪਣਾ ਫ਼ਰਜ਼ ਨਿਭਾਵਾਂਗਾ।

ਸ਼ਾਹ
ਤੁਰਕਾਨ : (ਹਕੀਮ ਨੂੰ) ਤੁਸੀਂ ਸੁਲਤਾਨ ਕੋਲ ਜਾਓ। ਜਿਸ ਪਲ ਉਨ੍ਹਾਂ ਨੂੰ ਹੋਸ਼ ਆਵੇ, ਮੈਨੂੰ ਖ਼ਬਰ ਦੇਣਾ।

(ਹਕੀਮ ਜਾਂਦਾ ਹੈ।)

ਸ਼ੇਖ਼-ਉਲ-
ਇਸਲਾਮ : ਇਸਲਾਮੀ ਅਸੂਲਾਂ ਦੇ ਮੁਤਾਬਿਕ ਸ਼ਾਹਜ਼ਾਦਾ ਰੁਕਨ-ਉਦ-ਦੀਨ ਹੀ ਤਖ਼ਤ ਦਾ ਵਾਰਿਸ ਹੈ; ਫ਼ਿਲ ਹੁਕਮਹ ਅੱਲਾਹ-ਅਲੀ-ਉਲ-ਕਬੀਰ!

ਸ਼ਾਹ
ਤੁਰਕਾਨ : ਤੁਸੀਂ ਠੀਕ ਕਹਿੰਦੇ ਹੋ ਸ਼ੇਖ਼-ਉਲ-ਇਸਲਾਮ, ਪਰ ਕੁਝ ਲੋਕ ਰਜ਼ੀਆ ਦੀ ਹਮਾਇਤ ਉੱਤੇ ਤੁਲੇ ਹੋਏ ਹਨ।

ਸ਼ੇਖ਼-ਉਲ-
ਇਸਲਾਮ : ਔਰਤ ਤਖ਼ਤ ਉੱਤੇ ਕਿਵੇਂ ਬੈਠ ਸਕਦੀ ਹੈ ? ਜੋ ਹੁਣ ਤੀਕ ਮਹਿਲਾਂ ਦੀ ਚਾਰ ਦੀਵਾਰੀ ਵਿਚ ਰਹੀ, ਪਰਦੇ ਵਿਚ ਪਲੀ, ਉਹ ਦੁਸ਼ਮਨ ਦੀਆਂ ਚਾਲਾਂ ਤੇ ਜੰਗ ਦੀਆਂ ਵਿਉਂਤਾਂ ਨੂੰ ਕਿਵੇਂ ਸਮਝੇਗੀ ?

ਜੁਨੈਦੀ : ਸ਼ਾਹਜ਼ਾਦਾ-ਏ-ਆਲਮ ਇਸ ਵੇਲੇ ਕਿਥੇ ਹਨ ?

ਸ਼ਾਹ ਤੁਰਕਾਨ : ਪਿਛਲੇ ਮਹੀਨੇ ਉਹ ਆਪਣੇ ਬਾਪ ਨੂੰ ਮਿਲਣ ਆਇਆ। ਉਹ ਉਨ੍ਹਾਂ ਨੂੰ ਲਾਹੌਰ ਦੇ ਹਾਲਾਤ ਦੱਸ ਕੇ ਮੁੜ ਰਿਹਾ ਸੀ ਕਿ ਮੈਂ ਰੋਕ ਲਿਆ।

ਜੁਨੈਦੀ : ਉਨ੍ਹਾਂ ਦਾ ਸੁਲਤਾਨ ਦੇ ਨੇੜੇ ਰਹਿਣਾ ਬਹੁਤ ਜ਼ਰੂਰੀ ਹੈ।

ਸ਼ਾਹ ਤੁਰਕਾਨ : ਗ਼ਮ ਵਿਚ ਡੁੱਬਿਆ ਕਿਸੇ ਖੂੰਜੇ ਵਿਚ ਲੁਕਿਆ ਬੈਠਾ ਹੋਵੇਗਾ।

ਜੁਨੈਦੀ : ਮੈਂ ਸੁਲਤਾਨ ਨੂੰ ਹਮੇਸ਼ਾ ਅਰਜ਼ ਕੀਤੀ ਕਿ ਆਪਣੀ ਜ਼ਿੰਦਗੀ ਵਿਚ ਹੀ ਆਪਣਾ ਜਾਂਨਸ਼ੀਨ ਨਿਯਤ ਕਰ ਦੇਣ। ਪਰ ਉਹ ਇਸ ਗੱਲ ਨੂੰ ਟਾਲ ਕੇ ਮੁਹਿੰਮਾਂ ਵਿਚ ਰੁੱਝੇ ਰਹੇ।

ਸ਼ੈਖ਼-ਉਲ-ਇਸਲਾਮ : ਸੁਲਤਾਨ ਦਾਨਿਸ਼ਮੰਦ ਹਨ, ਇਸਲਾਮ ਦੇ ਮੁਹਾਫ਼ਿਜ਼, ਸ਼ਰ੍ਹਾ ਦੇ ਅਸੂਲਾਂ ਦੇ ਪੈਰੋਕਾਰ। ਪਰ ਬੇਟੀ ਦੇ ਮੁਆਮਲੇ ਵਿਚ ਜਜ਼ਬਾਤ ਦਾ ਸ਼ਿਕਾਰ ਹਨ।

ਜੁਨੈਦੀ : ਸੁਲਤਾਨ ਦੇ ਸਭ ਵਫ਼ਾਦਾਰ ਤੁਹਾਡੇ ਵਫ਼ਾਦਾਰ ਹਨ। ਮੈਂ ਹਾਂਸੀ, ਮੁਲਤਾਨ, ਬਦਾਯੂੰ ਦੇ ਅਮੀਰਾਂ ਨੂੰ ਤੁਰੰਤ ਪੈਗ਼ਾਮ ਭੇਜਿਆ। ਸਭ ਇਥੇ ਪਹੁੰਚ ਗਏ ਹਨ। ਜਿੰਨੇ ਅਮੀਰ ਸਾਡੇ ਹੱਕ ਵਿਚ ਹੋਣਗੇ, ਓਨਾ ਹੀ ਮੁਆਮਲਾ ਸਾਡੇ ਹੱਥ ਵਿਚ ਹੋਵੇਗਾ।

ਸ਼ਾਹ ਤੁਰਕਾਨ : ਜਾ ਕੇ ਰੁਕਨ-ਉਦ-ਦੀਨ ਨੂੰ ਇਹ ਸਾਰੀਆਂ ਗੱਲਾਂ ਦੱਸਾਂ।
(ਜਾਂਦੀ ਹੈ।)

ਜੁਨੈਦੀ : ਪੁੱਤ ਨੂੰ ਤਾਜ ਪਹਿਨਾ ਕੇ ਖ਼ੁਦ ਹਕੂਮਤ ਕਰਨਾ ਚਾਹੁੰਦੀ ਹੈ। ਇਸ ਦੀ ਖ਼ਾਹਿਸ਼ ਹੈ ਕਿ ਇਸ ਦੇ ਨਾਂ ਦੀ ਮੁਹਰ ਹਰ ਫ਼ਰਮਾਨ ਉਤੇ ਲਗੇ। ਜ਼ਿੰਦਗੀ ਤੇ ਮੌਤ ਇਸ ਦੀ ਮੁੱਠੀ ਵਿਚ ਹੋਣ।

ਸ਼ੈਖ਼-ਉਲ-ਇਸਲਾਮ : ਇਸ ਨੇ ਏਦਾਂ ਕੀਤਾ ਤਾਂ ਗ਼ਲਤੀ ਕਰੇਗੀ। ਤਖ਼ਤ ਉਤੇ ਬੈਠਣ ਪਿਛੋਂ ਪੁੱਤ ਇਕ ਆਮ ਇਨਸਾਨ ਨਹੀਂ, ਸੁਲਤਾਨ ਹੋਵੇਗਾ। ਉਸ ਦੇ ਹਰ ਸਾਹ ਵਿਚ ਖ਼ੁਦਾਵੰਦ ਕਰੀਮ ਦੀ ਰਹਿਮਤ ਹੋਵੇਗੀ। ਮਾਂ ਨੂੰ ਵੀ ਉਸ ਅਗੇ ਝੁਕਣਾ ਪਵੇਗਾ। ਇਸ ਵੇਲੇ ਸਾਡੇ ਲਈ ਬਹੁਤ ਜ਼ਰੂਰੀ ਹੈ ਕਿ ਸ਼ਾਹੀ ਰਵਾਇਤ ਕਾਇਮ ਰਖੀ ਜਾਵੇ। ਜੇ ਇਸ ਵਿਚ ਰਤਾ ਜਿੰਨੀ ਵੀ ਤ੍ਰੇੜ ਆ ਗਈ ਤਾਂ ਸਾਰਾ ਢਾਂਚਾ ਟੁੱਟ ਕੇ ਡਿਗ ਪਵੇਗਾ। ਰਵਾਇਤ ਉਤੇ ਹੀ ਤਖ਼ਤ ਕਾਇਮ ਹੈ।

ਜੁਨੈਦੀ : ਸ਼ੈਖ਼-ਉਲ-ਇਸਲਾਮ ਮੈਂ ਖ਼ੁਦ ਇਸ ਨਜ਼ਰੀਏ ਦਾ ਹਾਮੀ ਹਾਂ ਕਿ ਸਾਨੂੰ ਰੁਕਨ-ਉਦ-ਦੀਨ ਦਾ ਸਾਥ ਦੇਣਾ ਚਾਹੀਦਾ ਹੈ। ਉਹ ਕਮਜ਼ੋਰ ਹੈ, ਪਰ ਦਿਲ ਦਾ ਬੁਰਾ ਨਹੀਂ। ਜੇ ਉਹ ਤਖ਼ਤ ਤੇ ਬੈਠਿਆ ਤਾਂ ਮੈਂ ਹੋਰ ਵੀ ਚੰਗੀ ਤਰ੍ਹਾਂ ਸ਼ਮਸੀ ਸਲਤਨਤ ਦੀ ਖ਼ਿਦਮਤ ਕਰ ਸਕਾਂਗਾ। ਇਸ ਵੇਲੇ ਮੈਨੂੰ ਸ਼ਾਹ ਤੁਰਕਾਨ ਵਲੋਂ ਫ਼ਿਕਰ ਹੈ। ਉਸ ਦੇ ਦਿਮਾਗ਼ ਉਤੇ ਤਖ਼ਤ ਦਾ ਭੂਤ ਸਵਾਰ ਹੈ। ਹਵਸ ਵਿਚ ਅੰਨ੍ਹੀ ਹੋ ਕੇ ਕੁਝ ਕਰ ਨਾ ਬੈਠੇ।

ਸ਼ੈਖ਼-ਉਲ-ਇਸਲਾਮ : (ਜਾਂਦੇ ਹੋਇਆਂ) ਹਕੂਮਤ ਕਰਨੀ ਹੋਵੇ ਤਾਂ ਔਰਤਾਂ ਤੋਂ ਸਲਾਹ ਨਹੀਂ ਲੈਣੀ

ਚਾਹੀਦੀ। ਹਜ਼ਰਤ ਮੁਹੰਮਦ ਸਾਹਿਬ ਨੇ ਫ਼ਰਮਾਇਆ 'ਸ਼ਾਵਰਲ-ਨਸਾ ਵ ਖ਼ਾਲਿ-ਫ਼ੂਹਨਾ' ਔਰਤਾਂ ਤੋਂ ਸਲਾਹ ਲਓ, ਪਰ ਜੋ ਕੁਝ ਉਹ ਆਖਣ ਉਸ ਦੇ ਉਲਟ ਕਰੋ।

(ਜਾਂਦਾ ਹੈ। ਮੁਹੱਜ਼ਬ-ਉਦ-ਦੀਨ ਦਾਖ਼ਿਲ ਹੁੰਦਾ ਹੈ।)

ਮੁਹੱਜ਼ਬ-ਉਦ-ਦੀਨ : ਕੁਝ ਅਮੀਰ ਤੁਹਾਡਾ ਇੰਤਜ਼ਾਰ ਕਰ ਰਹੇ ਹਨ।

ਜੁਨੈਦੀ : ਕੌਣ ਕੌਣ ਆਇਆ ਹੈ ?

ਮੁਹੱਜ਼ਬ-ਉਦ-ਦੀਨ : ਬਦਾਯੂੰ ਤੋਂ ਅਇਜ਼-ਉਦ-ਦੀਨ ਮੁਹੰਮਦ ਸਾਲਾਰੀ, ਹਾਂਸੀ ਤੋਂ ਮਲਿਕ ਸੈਫ਼-ਉਦ-ਦੀਨ ਕੂਚੀ, ਅਵਧ ਤੋਂ ਨਸਰਤ-ਉਦ-ਦੀਨ ਤੇ ਲਾਹੌਰ ਤੋਂ ਮਲਿਕ ਅਲਾ-ਉਦ-ਦੀਨ ਸ਼ੇਰ ਜਾਨੀ।

ਜੁਨੈਦੀ : ਮੁਲਤਾਨ ਤੋਂ ਕਬੀਰ-ਖ਼ਾਨਿ-ਅਯਾਜ਼ ਆਇਆ ?

ਮੁਹੱਜ਼ਬ-ਉਦ-ਦੀਨ : ਕਲ੍ਹ ਰਾਤ ਤੋਂ ਉਹ ਇਥੇ ਹੈ। ਆਉਣ ਸਾਰ ਉਹ ਸੁਲਤਾਨ ਦੀ ਸਿਹਤ ਦਾ ਹਾਲ ਪੁੱਛਣ ਮਹਿਲ ਵਿਚ ਪਹੁੰਚਿਆ। ਹੁਣ ਉਹ ਤੁਹਾਨੂੰ ਮਿਲਣ ਲਈ ਬੇਤਾਬ ਹੈ।

(ਕਬੀਰ-ਖ਼ਾਨਿ-ਅਯਾਜ਼ ਦਾਖ਼ਿਲ ਹੁੰਦਾ ਹੈ।)

ਕਬੀਰ-ਖ਼ਾਨਿ-ਅਯਾਜ਼ : ਮੁਲਤਾਨ ਤੋਂ ਕੂਚ ਕੀਤਾ ਤਾਂ ਸਿੱਧਾ ਤੁਹਾਡੀ ਖ਼ਿਦਮਤ ਵਿਚ ਹਾਜ਼ਿਰ ਹੋਣਾ ਚਾਹੁੰਦਾ ਸਾਂ। ਮੈਂ ਦਰਬਾਰ ਦੇ ਹਾਲਾਤ ਭਾਂਪ ਲਏ ਹਨ। ਅਲਤੂਨੀਆ ਤੇ ਬਲਬਨ ਇਸ ਵਿਉਂਤ ਵਿਚ ਲਗੇ ਹੋਏ ਹਨ ਕਿ ਰਜ਼ੀਆ ਦੀ ਜਾਨਸ਼ੀਨੀ ਦਾ ਫ਼ੌਰਨ ਐਲਾਨ ਹੋ ਜਾਵੇ।

ਜੁਨੈਦੀ : ਐਲਾਨ ਕੌਣ ਕਰੇਗਾ ? ਸੁਲਤਾਨ ਦੀ ਬੇਹੋਸ਼ੀ ਦੀ ਇਕ ਵਜ੍ਹਾ ਇਹ ਵੀ ਹੈ ਕਿ ਉਹ ਆਪਣੇ ਫ਼ੈਸਲੇ ਦਾ ਐਲਾਨ ਨਾ ਕਰ ਸਕੇ। ਸੁਲਤਾਨ ਦੇ ਦਿਲ ਵਿਚ ਜੋ ਕੁਝ ਹੈ ਉਹ ਉਨ੍ਹਾਂ ਦੇ ਨਾਲ ਹੀ ਦਫ਼ਨ ਹੋ ਜਾਵੇਗਾ। ਇਸ ਨਾਲ ਸਾਡਾ ਪਾਸਾ ਭਾਰੀ ਹੋ ਗਿਆ ਹੈ। ਚਲ ਕੇ ਬਾਕੀ ਅਮੀਰਾਂ ਨਾਲ ਸਲਾਹ ਕਰੀਏ। ਉਹ ਸਾਨੂੰ ਉਡੀਕ ਰਹੇ ਹਨ।

(ਸਭ ਜਾਂਦੇ ਹਨ। ਬਲਬਨ ਤੇ ਅਲਤੂਨੀਆ ਦਾਖ਼ਿਲ ਹੁੰਦੇ ਹਨ। ਦੂਸਰੇ ਪਾਸਿਉਂ ਅਲਪਤਗੀਨ ਆਉਂਦਾ ਹੈ।)

ਬਲਬਨ : ਤੂੰ ਦੇਖਿਆ ? ਜਿਹੜੀਆਂ ਗਿਰਝਾਂ ਏਨੇ ਦਿਨਾਂ ਤੋਂ ਸਿਰ ਉੱਤੇ ਮੰਡਲਾ ਰਹੀਆਂ ਸਨ, ਹੌਲੀ ਹੌਲੀ ਧਰਤੀ ਉੱਤੇ ਉਤਰਨ ਲਗੀਆਂ ਹਨ ਤੇ ਦਮ ਤੋੜਦੇ ਸ਼ੇਰ ਦੇ ਦੁਆਲੇ ਆ ਜੁੜੀਆਂ ਹਨ।

ਅਲਤੂਨੀਆ : ਇਹ ਮੌਤ ਨੂੰ ਕੋਹਾਂ ਤੋਂ ਸੁੰਘ ਲੈਂਦੀਆਂ ਹਨ। ਮੌਤ ਅਜਿਹੀ ਸ਼ੈ ਹੈ ਕਿ ਇਹ ਅਸਮਾਨ ਦੇ ਪੰਛੀਆਂ ਤੇ ਜੰਗਲ ਦੇ ਜਾਨਵਰਾਂ ਨੂੰ ਇਕੱਠਾ ਕਰ ਦੇਂਦੀ ਹੈ। ਬਘਿਆੜ, ਗਿੱਦੜ, ਗਿਰਝਾਂ, ਇੱਲਾਂ ਤੇ ਕਾਂਵਾਂ ਨੂੰ ਮਿਲਾ ਦੇਂਦੀ ਹੈ।

ਬਲਬਨ : ਪਰ ਇਨ੍ਹਾਂ ਵਿਚ ਪਾੜ ਪੈਂਦਿਆਂ ਵੀ ਚਿਰ ਨਹੀਂ ਲਗਣਾ। ਤੂੰ ਦੇਖਿਆ ਸੀ ਜੁਨੈਦੀ ਕਿਵੇਂ ਕਬੀਰ-ਖ਼ਾਨਿ-ਅਯਾਜ਼ ਨੂੰ ਗਲ ਲਗ ਕੇ ਮਿਲਿਆ। ਜਦੋਂ ਉਹ ਮੁਸਕਰਾਇਆ ਤਾਂ ਉਸ ਦੇ ਦੰਦ ਜ਼ਹਿਰੀ ਸੱਪ ਵਾਂਗ ਚਮਕ ਰਹੇ ਸਨ, ਤੇ

ਕਬੀਰ-ਖ਼ਾਨਿ-ਅਯਾਜ਼ ਦੀਆਂ ਉਂਗਲਾਂ — ਜਿਵੇਂ ਖੁਲ੍ਹਿਆ ਹੋਇਆ ਪੰਜਾ।

ਅਲਤੂਨੀਆ : ਉਹ ਮੌਕਾਪ੍ਰਸਤ ਹੈ। ਉਸ ਦੇ ਅਗੇ ਗੋਸ਼ਤ ਦਾ ਬਾਸੀ ਟੁਕੜਾ ਸੁੱਟ ਦਿਉ ਤਾਂ ਝਟ ਪੂਛ ਹਿਲਾਉਂਦਾ ਹੋਇਆ ਤੁਹਾਡੇ ਪੈਰ ਚੱਟਣ ਲਗ ਜਾਏਗਾ।

ਅਲਪਤਗੀਨ : ਹਾਂਸੀ ਤੇ ਬਦਾਯੂੰ ਦੇ ਅਮੀਰਾਂ ਬਾਰੇ ਕੀ ਵਿਚਾਰ ਹੈ ?

ਬਲਬਨ : ਇਕ ਨੂੰ ਸ਼ਰਾਬ ਵਿਚ ਡੋਬ ਦਿਉ ਤੇ ਦੂਜੇ ਨੂੰ ਸੁਹਣੀਆਂ ਤੀਵੀਆਂ ਦੇ ਝੁਰਮਟ ਵਿਚ। ਜਿਸ ਨੂੰ ਤਬਾਹ ਕਰਨਾ ਹੋਵੇ, ਸਭ ਤੋਂ ਪਹਿਲਾਂ ਉਸ ਦੀ ਕਮਜ਼ੋਰੀ ਫੜੋ।

ਅਲਤੂਨੀਆ : ਤੇ ਬਹਿਰਾਮ ਸ਼ਾਹ ?

ਬਲਬਨ : ਉਸ ਨੂੰ ਆਪਣੇ ਭਰਾ ਦੀ ਛਾਂ ਹੇਠ ਮੌਲਣ ਦਿਉ। ਜਦੋਂ ਇਕ ਡਿਗਿਆ ਤਾਂ ਦੂਜਾ ਵੀ ਨਾਲ ਹੀ ਰੁੜ੍ਹ ਜਾਵੇਗਾ। ਜ਼ਿੰਦਗੀ ਅਜੀਬ ਮਖ਼ੌਲ ਹੈ। ਧੀ ਦੀਆਂ ਰਗਾਂ ਵਿਚ ਬਾਪ ਦਾ ਪਵਿੱਤਰ ਖ਼ੂਨ ਦੌੜਦਾ ਹੈ ਤੇ ਪੁੱਤਾਂ ਨੂੰ ਵਿਰਸੇ ਵਿਚ ਬਾਸੀ ਰੋਗ ਮਿਲੇ।

(ਹਨੇਰਾ)

## ਸੀਨ ਦੂਜਾ

(ਮਹਿਲ ਦੇ ਬਾਹਰ ਲੋਕਾਂ ਦਾ ਇਕੱਠ)

ਪਹਿਲਾ : ਰੱਬ ਕਰੇ ਸਾਡਾ ਸੁਲਤਾਨ ਛੇਤੀ ਸਿਹਤਯਾਬ ਹੋ ਜਾਵੇ।

ਦੂਜਾ : ਉਨ੍ਹਾਂ ਉਤੇ ਬੇਹੋਸ਼ੀ ਦਾ ਅਜਿਹਾ ਦੌਰਾ ਪਿਆ ਹੈ ਕਿ ਅਠਾਰਾਂ ਦਿਨਾਂ ਤੋਂ ਅੱਖ ਨਹੀਂ ਪੁੱਟੀ। ਸੁਣਿਐ ਸ਼ਾਹ ਤੁਰਕਾਨ ਨੇ ਕੋਈ ਰੇਗਿਸਤਾਨੀ ਜ਼ਹਿਰ ਕੁਸ਼ਤੇ ਵਿਚ ਮਿਲਾ ਕੇ ਖੁਆ ਦਿਤਾ।

ਤੀਜਾ : ਹੁਣ ਕੌਣ ਤਖ਼ਤ ਉਤੇ ਬੈਠੇਗਾ ? ਕਿਸ ਦੀ ਕਿਸਮਤ ਦਾ ਤਾਰਾ ਚਮਕੇਗਾ ?

ਪਹਿਲਾ : ਯਾ ਅੱਲਾਹ ਰਹਿਮ! ਸੁਲਤਾਨ ਦੇ ਪਿਛੋਂ ਕੋਈ ਨਜ਼ਰ ਹੀ ਨਹੀਂ ਆਉਂਦਾ।

ਚੌਥਾ : ਇਹ ਗੱਲਾਂ ਸਿਰਫ਼ ਸਾਡੇ ਵਾਸਤੇ ਹਨ, ਨਹੀਂ ਤਾਂ ਅੰਦਰਖਾਤੇ ਸਭ ਕੁਝ ਤੈਅ ਹੋ ਚੁਕਿਆ ਹੈ।

ਤੀਜਾ : ਕੀ ?

ਚੌਥਾ : ਰਜ਼ੀਆ ਤਖ਼ਤ ਉਤੇ ਬੈਠੇਗੀ।

ਮੌਲਵੀ : ਹੋਸ਼ ਦੀ ਗੱਲ ਕਰ। ਸ਼ਾਹਜ਼ਾਦਾ ਰੁਕਨ-ਉਦ-ਦੀਨ ਮਹਿਲ ਵਿਚ ਮੌਜੂਦ ਹੈ। ਜੇ ਰਜ਼ੀਆ ਤਖ਼ਤ ਉਤੇ ਬੈਠੀ ਤਾਂ ਤਰਥੱਲੀ ਮੱਚ ਜਾਵੇਗੀ। ਸੁਲਤਾਨ ਅਲਤਮਸ਼ ਇਸਲਾਮੀ ਅਸੂਲਾਂ ਦੇ ਪਾਬੰਦ ਹਨ। ਉਹ ਮਰਨ ਵੇਲੇ ਇਹ ਗੁਨਾਹ ਨਹੀਂ ਕਰਨਗੇ। ਅੱਲਾਹ ਨੂੰ ਕੀ ਮੂੰਹ ਦਿਖਾਉਣਗੇ।

ਚੌਥਾ : ਜੇ ਇਸਲਾਮੀ ਅਸੂਲਾਂ ਦੇ ਏਨੇ ਪਾਬੰਦ ਹੁੰਦੇ ਤਾਂ ਧੀ ਨੂੰ ਆਪਣੀ ਥਾਂ ਤਖ਼ਤ ਉਤੇ ਬਿਠਾ ਕੇ ਗਵਾਲੀਅਰ ਦੀ ਮੁਹਿੰਮ ਉਤੇ ਨਾ ਜਾਂਦੇ।

ਤੀਜਾ : ਕੌਣ ਕਹਿੰਦਾ ਹੈ ?

ਚੌਥਾ : ਇਸ ਦਿੱਲੀ ਉਤੇ ਛੇ ਦਿਨ ਰਜ਼ੀਆ ਨੇ ਹਕੂਮਤ ਕੀਤੀ ਤੇ ਤੂੰ ਸੁੱਤਾ ਰਿਹਾ। ਪੂਰੇ ਛੇ ਦਿਨ ਇਸ ਤੀਵੀਂ ਦਾ ਰਾਜ ਰਿਹਾ। ਉਦੋਂ ਕਿਧਰ ਗਏ ਸਨ ਇਸਲਾਮੀ ਅਸੂਲ। ਜਿਸ ਕਿਸੇ ਨੇ ਡੰਡਾ ਦਿਖਾਇਆ ਇਸਲਾਮੀ ਅਸੂਲ

ਝੁਕ ਗਏ। ਵਡੇ ਵਡੇ ਸ਼ੇਖ਼ ਤੇ ਦਾਹੜੀਆਂ ਵਾਲੇ ਮੌਲਵੀ ਚੁੱਪ ਹੋ ਗਏ।

ਪੰਜਵਾਂ : ਸੁਲਤਾਨ ਦੇ ਸਭ ਪੁੱਤ ਨਾਲਾਇਕ ਹਨ। ਮੈਂ ਤਾਂ ਅੱਜ ਤਕ ਹਰ ਵਡੇ ਆਦਮੀ ਦਾ ਪੁੱਤ ਨਾਲਾਇਕ ਹੀ ਵੇਖਿਆ।

ਛੇਵਾਂ : ਕਿਉਂ ਮੀਆਂ, ਸੁਲਤਾਨ ਦਾ ਵਡਾ ਪੁੱਤ ਵੀ ਨਾਲਾਇਕ ਸੀ ? ਏਨਾ ਸੁਹਣਾ, ਏਨਾ ਬਹਾਦਰ। ਹੂ-ਬ-ਹੂ ਸੁਲਤਾਨ ਦੀ ਤਸਵੀਰ।

ਪੰਜਵਾਂ : ਇਸੇ ਕਰ ਕੇ ਜਵਾਨੀ ਵਿਚ ਹੀ ਤੁਰ ਗਿਆ। ਇਸੇ ਗ਼ਮ ਨੇ ਸੁਲਤਾਨ ਨੂੰ ਡੇਗ ਲਿਆ।

ਦੂਜਾ : ਗੱਲ ਦਰਅਸਲ ਇਹ ਹੈ ਕਿ ਮੁਲਕ ਦੇ ਹਾਲਾਤ ਖ਼ਰਾਬ ਹਨ। ਹਰ ਅਮੀਰ ਮੌਕੇ ਤੋਂ ਫ਼ਾਇਦਾ ਉਠਾਉਣਾ ਚਾਹੁੰਦਾ ਹੈ। ਸੁਲਤਾਨ ਮਾਲਵੇ ਤੇ ਉਜੈਨ ਦੇ ਬਾਗ਼ੀਆਂ ਨੂੰ ਕੁਚਲਣ ਗਏ ਤਾਂ ਉਧਰ ਸਿੰਧ ਵਿਚ ਬਗ਼ਾਵਤ ਹੋ ਗਈ। ਨਜੂਮੀਆਂ ਨੇ ਆਖਿਆ ਇਹ ਸਫ਼ਰ ਮਾੜਾ ਹੈ। ਹਕੀਮਾਂ ਨੇ ਸਲਾਹ ਦਿਤੀ ਆਰਾਮ ਕਰੋ। ਪਰ ਸੁਲਤਾਨ ਨੇ ਕਿਸੇ ਦੀ ਨਾ ਸੁਣੀ ਤੇ ਗ਼ੁਸੇ ਵਿਚ ਉਬਲਦੇ ਹੋਏ ਮੁਹਿੰਮ ਉਤੇ ਰਵਾਨਾ ਹੋ ਗਏ। ਰਸਤੇ ਦੀ ਗਰਮੀ, ਧੁੱਪ ਦੀ ਤਪਸ਼ ਤੇ ਸਫ਼ਰ ਦੀ ਥਕਾਵਟ। ਦਿਲ ਦਾ ਅਜਿਹਾ ਦੌਰਾ ਪਿਆ ਕਿ ਉਨ੍ਹਾਂ ਨੂੰ ਪਾਲਕੀ ਵਿਚ ਲਿਟਾ ਕੇ ਵਾਪਸ ਲਿਆਂਦਾ ਗਿਆ। ਉਸੇ ਦਿਨ ਤੋਂ ਬੇਹੋਸ਼ ਪਏ ਹਨ।

ਚੌਥਾ : ਦੇਖ ਲਵੀਂ ਹੁਣ ਰਜ਼ੀਆ ਤਖ਼ਤ ਉਤੇ ਬੈਠੇਗੀ।

ਤੀਜਾ : ਹਰਗਿਜ਼ ਨਹੀਂ।

ਚੌਥਾ : ਸ਼ਰਤ ਲਾਏਂਨੈਂ ?

ਤੀਜਾ : ਕਿੰਨੇ ਦੀ ?

ਚੌਥਾ : ਛੇ ਮੁਰਗੀ ਤੇ ਤਿੰਨ ਦੁੰਬੇ।

ਤੀਜਾ : ਲਿਆ ਹੱਥ।

(ਹੱਥ ਉਤੇ ਹੱਥ ਮਾਰਦੇ ਹਨ।)

ਚੌਥਾ : ਬੱਚੂ ਇਹ ਸ਼ਰਤ ਤਾਂ ਤੂੰ ਹਾਰ ਗਿਆ। ਸੁਲਤਾਨ ਨੇ ਸ਼ਾਹੀ ਸਿੱਕੇ ਉਤੇ ਆਪਣੇ ਨਾਲ ਰਜ਼ੀਆ ਦਾ ਨਾਂ ਵੀ ਖੁਦਵਾ ਲਿਆ ਸੀ। ਇਹ ਦੇਖ। ਇਹ ਰਹੀ ਸੁਲਤਾਨ ਦੀ ਤਸਵੀਰ ਤੇ ਇਹ ਰਜ਼ੀਆ ਦੀ। ਹੁਣ ਵੀ ਨਹੀਂ ਮੰਨੇਗਾ ?

(ਬਕਤਰਪੋਸ਼ ਆਉਂਦੇ ਹਨ।)

ਬਕਤਰਪੋਸ਼ : ਕਿਉਂ ਭੀੜ ਲਾ ਰਖੀ ਹੈ ?

ਲੋਕ : ਸੁਲਤਾਨ ਦੀ ਸਿਹਤਯਾਬੀ ਲਈ ਦੁਆਵਾਂ ਮੰਗ ਰਹੇ ਹਾਂ।

ਬਕਤਰਪੋਸ਼ : ਮਲਿਕਾ ਨੇ ਹੁਕਮ ਦਿਤਾ ਹੈ ਕਿ ਉਨ੍ਹਾਂ ਵਲੋਂ ਸਦਕੇ ਵੰਡੇ ਜਾਣ। ਇਹ ਲਉ।

(ਦੋ ਨੌਕਰਾਣੀਆਂ ਚੰਗੇਰਾਂ ਵਿਚ ਸਜੀ ਸੁਨਹਿਰੀ ਨਾਨ ਉਛਾਲਦੀਆਂ ਹਨ। ਲੋਕ ਟੁੱਟ ਕੇ ਪੈਂਦੇ ਹਨ।)

ਪਹਿਲਾ ਮੰਗਤਾ : ਅਜਿਹੀ ਮਿੱਠੀ ਨਾਨ ਮੁਦਤਾਂ ਤੋਂ ਨਹੀਂ ਸੀ ਚੱਖੀ।

ਦੂਜਾ ਮੰਗਤਾ : ਸੁਲਤਾਨ ਜ਼ਰੂਰ ਬਹੁਤ ਬੀਮਾਰ ਹੋਣਗੇ। ਸ਼ਾਇਦ ਮਰਨ ਦੇ ਨੇੜੇ। ਤਾਂਹੀਉਂ ਤਾਂ ਏਨੀ ਮਿੱਠੀ ਤੇ ਵਧੀਆ ਨਾਨ ਵੰਡੀ ਜਾ ਰਹੀ ਹੈ।

ਪਹਿਲਾ ਮੰਗਤਾ : ਅੱਲਾਹ ਕਰੇ ਅਜਿਹੀ ਨਾਨ ਰੋਜ਼ ਮਿਲੇ।

ਤੀਵੀਂ : ਹਟ ਮੁਸ਼ਟੰਡਿਆ। ਉਨ੍ਹਾਂ ਦੇ ਟੁਕੜੇ ਖਾਨੈਂ ਤੇ ਉਨ੍ਹਾਂ ਨੂੰ ਬਦਅਸੀਸਾਂ ਦੇਨੈਂ।

ਪਹਿਲਾ ਮੰਗਤਾ : ਛਡ, ਇਹ ਮੇਰਾ ਹਿੱਸਾ ਏ।

ਤੀਵੀਂ : ਹਟ ਇਕ ਪਾਸੇ। ਤੇਰਾ ਨਾਸ ਪੁਟਿਆ ਜਾਵੇ! ਹਰਾਮੀਆਂ, ਤੇਰੀਆਂ ਉਂਗਲਾਂ ਭੰਨ ਦਿਆਂਗੀ।

ਬਕਤਰਪੋਸ਼ : ਕਿਉਂ ਰੌਲਾ ਪਾਉਂਦੇ ਹੋ, ਕੁੱਤਿਉ ? ਨਾਨ ਵੰਡੀ ਗਈ, ਹੁਣ ਦਫ਼ਾ ਹੋ ਜਾਓ ਇਥੋਂ!

(ਬਕਤਰਪੋਸ਼ ਕੋਰੜੇ ਮਾਰਦੇ ਹਨ ਤੇ ਮੰਗਤੇ ਖ਼ੁਸ਼ੀ ਨਾਲ ਚੀਕਾਂ ਮਾਰਦੇ ਹੋਏ ਦੌੜਦੇ ਹਨ।)

(ਹਨੇਰਾ)

## ਸੀਨ ਤੀਜਾ

(ਸ਼ਾਹ ਤੁਰਕਾਨ, ਜੁਨੈਦੀ, ਸ਼ੈਖ਼-ਉਲ-ਇਸਲਾਮ ਤੇ ਕੁਝ ਅਮੀਰ ਪਹਿਲਾਂ ਤੋਂ ਹੀ ਮੌਜੂਦ ਹਨ। ਰਜ਼ੀਆ ਦਾਖ਼ਿਲ ਹੁੰਦੀ ਹੈ।

ਜੁਨੈਦੀ : ਅਮੀਰ ਹਾਜ਼ਿਰ ਹੋਏ ਹਨ ਤੇ ਉਹ ਸੁਲਤਾਨ ਦੇ ਕਦਮ ਚੁੰਮਣ ਦੇ ਖ਼ਾਹਿਸ਼ਮੰਦ ਹਨ।

ਰਜ਼ੀਆ : ਸੁਲਤਾਨ ਕਿਸੇ ਨੂੰ ਨਹੀਂ ਮਿਲ ਸਕਦੇ।

ਜੁਨੈਦੀ : ਅਮੀਰ ਜਾਣਨਾ ਚਾਹੁੰਦੇ ਹਨ ਕਿ ਸੁਲਤਾਨ ਦੇ ਦਿਲ ਵਿਚ ਕੀ ਹੈ। ਸਲਤਨਤ ਦੇ ਕੰਮ ਅਧੂਰੇ ਪਏ ਹਨ। ਉਹ ਇਸ ਦੀ ਜ਼ਿੰਮੇਵਾਰੀ ਕਿਸ ਨੂੰ ਸੌਂਪਣਾ ਚਾਹੁੰਦੇ ਹਨ।

ਸ਼ਾਹ ਤੁਰਕਾਨ : ਜਾਨਸ਼ੀਨੀ ਦੀ ਗੱਲ ਤੈਅ ਹੋ ਚੁੱਕੀ ਹੈ।

ਰਜ਼ੀਆ : ਕੁਝ ਵੀ ਤੈਅ ਨਹੀਂ ਹੋਇਆ।

ਸ਼ਾਹ ਤੁਰਕਾਨ : ਸੁਲਤਾਨ ਨੇ ਰੁਕਨ-ਉਦ-ਦੀਨ ਨੂੰ ਇਥੇ ਇਸੇ ਲਈ ਬੁਲਾਇਆ ਸੀ ਕਿ ਉਹ ਸਲਤਨਤ ਦੀ ਜ਼ਿੰਮੇਵਾਰੀ ਉਸ ਨੂੰ ਸੌਂਪਣਾ ਚਾਹੁੰਦੇ ਹਨ।

ਰਜ਼ੀਆ : ਤੂੰ ਜਾਣ ਬੁਝ ਕੇ ਉਸ ਨੂੰ ਇਥੇ ਰੋਕ ਰਖਿਆ ਹੈ। ਕਲ੍ਹ ਰਾਤ ਜਦੋਂ ਅੱਬਾ ਦੇ ਸਿਰਹਾਣਿਉਂ ਸਾਰੇ ਪੁੱਤ ਇਕ ਇਕ ਕਰ ਕੇ ਉਠ ਕੇ ਚਲੇ ਗਏ ਤਾਂ ਕਮਰੇ ਵਿਚ ਖ਼ਾਮੋਸ਼ੀ ਛਾ ਗਈ। ਸ਼ਮ੍ਹਾ ਦੀ ਰੌਸ਼ਨੀ ਪੀਲੀ ਤੇ ਮੱਧਮ ਸੀ। ਉਨ੍ਹਾਂ ਦੇ ਸਾਹ ਦੀ ਆਵਾਜ਼ ਉੱਚੀ ਸੁਣਾਈ ਦੇਣ ਲੱਗੀ। ਅਚਾਨਕ ਉਨ੍ਹਾਂ ਨੇ ਮੈਨੂੰ ਬੁਲਾਇਆ। ਥੱਕੀਆਂ ਹੋਈਆਂ ਅੱਖਾਂ ਨਾਲ ਦੇਖਿਆ। ਪਰ ਇਸ ਤੋਂ ਪਹਿਲਾਂ ਕਿ ਕੁਝ ਆਖਦੇ ਫਿਰ ਬੇਹੋਸ਼ੀ ਵਿਚ ਚਲੇ ਗਏ।

ਜੁਨੈਦੀ : ਕਬੀਰ-ਖ਼ਾਨਿ-ਅਯਾਜ਼ ਤੇ ਬਦਾਯੂੰ ਦੇ ਅਮੀਰ ਆਇਜ਼ੋਂ-ਉਦ-ਦੀਨ ਮੁਹੰਮਦ ਸਾਲਾਰੀ ਨੂੰ ਸਭ ਕੁਝ ਦਸਣਾ ਚਾਹੀਦਾ ਹੈ।

ਸ਼ਾਹ ਤੁਰਕਾਨ : ਦੱਸਣ ਨੂੰ ਕੀ ਰਹਿ ਗਿਆ ਹੈ। ਦਰਬਾਰ ਦੀਆਂ ਗੱਲਾਂ ਹੁਣ ਤਕ ਉਨ੍ਹਾਂ ਦੇ ਕੰਨਾਂ ਤਕ ਪਹੁੰਚ ਗਈਆਂ ਹੋਣਗੀਆਂ.....ਸਾਰੇ ਅਮੀਰਾਂ ਦੀ ਚੰਗੀ ਤਰ੍ਹਾਂ ਖ਼ਾਤਰ ਕੀਤੀ ਜਾਵੇ ਅਤੇ ਨਾਲ ਹੀ ਉਨ੍ਹਾਂ ਦੇ ਟਿਕਾਣਿਆਂ ਉਤੇ ਕਰੜੀ ਨਜ਼ਰ ਰਖੀ ਜਾਵੇ।

ਸ਼ੇਖ਼-ਉਲ-ਇਸਲਾਮ : ਆਖਿਆ ਜਾਂਦਾ ਹੈ ਕਿ ਇਕ ਵਾਰ ਹਜ਼ਰਤ ਮੁਹੰਮਦ ਸਾਹਿਬ ਇਮਾਮਤ

ਫ਼ਰਮਾ ਰਹੇ ਸਨ। ਨਮਾਜ਼ ਪਿਛੋਂ ਹਜ਼ੂਰ ਨੇ ਫ਼ਰਮਾਇਆ, "ਮੈਂ ਅੱਲਾਹ ਤੋਂ ਤਿੰਨ ਦੁਆਵਾਂ ਮੰਗੀਆਂ ਹਨ: ਪਹਿਲੀ, ਕਿ ਹੇ ਪਰਵਰਦਿਗਾਰ ਮੇਰੀ ਉੱਮਤ ਨੂੰ ਕਦੇ ਰੋਟੀ ਦਾ ਕਾਲ ਨਾ ਪਵੇ। ਦੂਜੀ, ਮੇਰੀ ਉੱਮਤ ਨੂੰ ਕਦੇ ਦੁਸ਼ਮਣ ਦੇ ਹੱਥੋਂ ਬਰਬਾਦ ਨਾ ਹੋਣ ਦੇਵੀਂ। ਤੀਜੀ, ਮੁਸਲਮਾਨਾਂ ਨੂੰ ਆਪਸ ਵਿਚ ਇਕ ਦੂਜੇ ਦਾ ਖ਼ੂਨ ਨਾ ਡੋਲ੍ਹਣ ਦੇਵੀਂ।" ਅੱਲਾਹ ਨੇ ਪਹਿਲੀਆਂ ਦੋ ਦੁਆਵਾਂ ਕਬੂਲ ਕਰ ਲਈਆਂ ਪਰ ਤੀਜੀ ਨਾ-ਮਨਜ਼ੂਰ ਕਰ ਦਿਤੀ। ਅੱਜ ਦੇ ਹਾਲਾਤ ਉੱਤੇ ਇਹ ਪੁਰਾਣੀ ਗੱਲ ਢੁਕਦੀ ਹੈ।

ਸ਼ਾਹ ਤੁਰਕਾਨ : ਤੁਸੀਂ ਹੁਣੇ ਜਾਮਾ ਮਸਜਿਦ ਜਾਉ ਤੇ ਕਾਜ਼ੀ ਤੇ ਅਮਾਮ ਨੂੰ ਕਹੋ ਕਿ ਉਹ ਮਹਿਲ ਤੋਂ ਤਾਜ਼ਾ ਖ਼ਬਰ ਦਾ ਇੰਤਜ਼ਾਰ ਕਰਨ ਅਤੇ ਸਾਰੀਆਂ ਤਿਆਰੀਆਂ ਮੁਕੰਮਲ ਰਖਣ। ਅਸੀਂ ਉਨ੍ਹਾਂ ਨੂੰ ਫ਼ੌਰਨ ਇਤਲਾਹ ਭੇਜਾਂਗੇ।

ਸ਼ੇਖ਼-ਉਲ-ਇਸਲਾਮ : ਆਪਦੇ ਹੁਕਮ ਦੀ ਤਾਮੀਲ ਹੋਵੇਗੀ, ਮਲਿਕਾਇ-ਆਲੀ।

ਸ਼ਾਹ ਤੁਰਕਾਨ : (ਜੁਨੈਦੀ ਨੂੰ) ਅਮੀਰਾਂ ਨੂੰ ਹੁਣ ਚਲੇ ਜਾਣ ਲਈ ਆਖੋ।

ਜੁਨੈਦੀ : ਸਾਥੀ ਅਮੀਰੋ, ਇਸ ਵੇਲੇ ਸੁਲਤਾਨਿ-ਆਲਮ ਦੀ ਹਾਲਤ ਨਾਜ਼ੁਕ ਹੈ। ਉਨ੍ਹਾਂ ਨੂੰ ਪੂਰਾ ਆਰਾਮ ਚਾਹੀਦਾ ਹੈ। ਤੁਹਾਡੇ ਅੱਗੇ ਬੇਨਤੀ ਹੈ ਕਿ ਤੁਸੀਂ ਆਪਣੇ ਆਪਣੇ ਤੰਬੂਆਂ ਵਿਚ ਚਲੇ ਜਾਉ ਤੇ ਸੁਲਤਾਨ ਦੀ ਸਿਹਤਯਾਬੀ ਲਈ ਦੁਆ ਮੰਗੋ।

(ਸਭ ਜਾਂਦੇ ਹਨ। ਸਿਰਫ਼ ਰਜ਼ੀਆ ਤੇ ਸ਼ਾਹ ਤੁਰਕਾਨ ਪਿਛੇ ਰਹਿ ਜਾਂਦੀਆਂ ਹਨ।)

ਸ਼ਾਹ ਤੁਰਕਾਨ : ਸੁਲਤਾਨ ਦੀ ਹਰ ਘੜੀ ਨਿਘਰਦੀ ਹਾਲਤ ਨੂੰ ਲੋਕਾਂ ਤੋਂ ਲੁਕਾ ਕੇ ਰਖਣਾ ਜ਼ਰੂਰੀ ਹੈ। ਸਾਥੋਂ ਬਿਨਾਂ ਹੋਰ ਕੋਈ ਉਨ੍ਹਾਂ ਦੇ ਨੇੜੇ ਨਾ ਆਵੇ। ਮੈਂ ਖ਼ੁਫ਼ੀਆ ਮਹਿਕਮੇ ਦੇ ਅਮੀਰ ਨੂੰ ਕਹਿ ਦਿਤਾ ਹੈ ਕਿ ਸ਼ਮਸੀ ਮਹਿਲ ਉੱਤੇ ਕਰੜਾ ਪਹਿਰਾ ਰਹੇ।

ਰਜ਼ੀਆ : ਹੁਣੇ ਤੋਂ ਤਖ਼ਤ ਸਾਂਭਣ ਦੀਆਂ ਤਿਆਰੀਆਂ ਸ਼ੁਰੂ ਕਰ ਦਿਤੀਆਂ।

ਸ਼ਾਹ ਤੁਰਕਾਨ : ਮੈਂ ਸਾਰੀ ਰਾਤ ਦੁਆਵਾਂ ਮੰਗਦੀ ਰਹੀ।

ਰਜ਼ੀਆ : ਜਾਣਦੀ ਹਾਂ ਇਹ ਦੁਆਵਾਂ ਕਿਸ ਲਈ ਮੰਗੀਆਂ ਜਾ ਰਹੀਆਂ ਹਨ। ਉਹ ਬੇਹੋਸ਼ ਪਏ ਹਨ ਤੇ ਤੂੰ ਸਦਕੇ ਵੰਡਦੀ ਫਿਰਦੀ ਏਂ।

ਸ਼ਾਹ ਤੁਰਕਾਨ : ਤਾਂ ਜੁ ਉਹ ਬਚ ਜਾਣ।

ਰਜ਼ੀਆ : ਨਹੀਂ, ਤਾਂ ਜੁ ਤੇਰੀ ਮੁਰਾਦ ਪੂਰੀ ਹੋਵੇ ਤੇ ਰੁਕਨ-ਉਦ-ਦੀਨ ਤਖ਼ਤ ਉੱਤੇ ਬੈਠੇ। ਤੂੰ ਉਸ ਨੂੰ ਤਖ਼ਤ ਉੱਤੇ ਬਿਠਾ ਕੇ ਖ਼ੁਦ ਹਕੂਮਤ ਕਰਨਾ ਚਾਹੁੰਦੀ ਏਂ।

ਸ਼ਾਹ ਤੁਰਕਾਨ : ਸੁਲਤਾਨ ਦੀ ਇਹੋ ਇੱਛਾ ਸੀ ਕਿ ਰੁਕਨ-ਉਦ-ਦੀਨ ਤਖ਼ਤ ਉੱਤੇ ਬੈਠੇ। ਪਰ ਤੂੰ ਉਨ੍ਹਾਂ ਨੂੰ ਵਰਗਲਾਇਆ। ਉਨ੍ਹਾਂ ਦੇ ਕੰਨ ਭਰੇ। ਉਨ੍ਹਾਂ ਦੀ ਸੋਚ-

ਸ਼ਕਤੀ ਨੂੰ ਸੁੰਨ ਕਰ ਦਿਤਾ। ਤੇਰੀ ਗੱਲ ਤੋਂ ਛੁਟ ਹੋਰ ਕਿਸੇ ਦੀ ਗੱਲ ਉਨ੍ਹਾਂ ਦੇ ਕੰਨ ਤੀਕ ਨਹੀਂ ਸੀ ਪਹੁੰਚਦੀ। ਉਹ ਪੁੱਤਾਂ ਨੂੰ ਦੇਖਣ ਲਈ ਤਰਸਦੇ ਰਹੇ, ਪਰ ਤੂੰ ਉਨ੍ਹਾਂ ਨੂੰ ਨੇੜੇ ਨਾ ਢੁਕਣ ਦਿਤਾ।

ਰਜ਼ੀਆ : ਝੂਠ! ਤੇਰਾ ਪੁੱਤ ਸ਼ਰਾਬ ਵਿਚ ਡੁਬਿਆ ਹੋਇਆ ਹੈ। ਉਸ ਉਤੇ ਉਹ ਕਿਵੇਂ ਭਰੋਸਾ ਕਰਦੇ।

ਸ਼ਾਹ ਤੁਰਕਾਨ : ਉਨ੍ਹਾਂ ਨੂੰ ਮੇਰੇ ਪੁੱਤ ਦੇ ਗੁਣ ਪਰਖਣ ਦਾ ਮੌਕਾ ਹੀ ਕਦੋਂ ਮਿਲਿਆ। ਤੂੰ ਪਹਿਲਾ ਉਸ ਨੂੰ ਬਦਾਯੂੰ ਤੇ ਫਿਰ ਲਾਹੌਰ ਭਿਜਵਾ ਦਿਤਾ ਤਾਂ ਜੁ ਤੇਰਾ ਰਸਤਾ ਸਾਫ਼ ਹੋ ਜਾਵੇ। ਪਰ ਮੈਂ ਅਜਿਹਾ ਨਹੀਂ ਹੋਣ ਦੇਵਾਂਗੀ। ਹਰ ਅਮੀਰ ਮੇਰੇ ਹੁਕਮ ਦਾ ਪਾਬੰਦ ਹੈ। ਮੈਂ ਮਲਿਕਾ ਹਾਂ।

ਰਜ਼ੀਆ : ਮਲਿਕਾ ? ਊਂ! ਜਦੋਂ ਤੂੰ ਇਸ ਮਹਿਲ ਵਿਚ ਆਈ ਤਾਂ ਇਕ ਮਾਮੂਲੀ ਕਨੀਜ਼ ਸੈਂ। ਮੇਰੀ ਮਾਂ ਨੇ ਤੇਰੇ ਭੋਲੇਪਨ ਤੇ ਭਰੋਸਾ ਕਰਦਿਆਂ ਤੇਰੇ ਉੱਤੇ ਮਿਹਰਬਾਨੀਆਂ ਕੀਤੀਆਂ। ਆਪਣੇ ਕੋਲ ਰਖਿਆ। ਤੈਨੂੰ ਮਹਿਲ ਦੇ ਭੇਤ ਜਾਣਨ ਦਾ ਮੌਕਾ ਮਿਲਿਆ। ਪਰ ਜਦ ਉਹ ਬੀਮਾਰ ਪਈ ਤਾਂ ਤੂੰ ਕਮੀਨਾ ਵਾਰ ਕੀਤਾ ਤੇ ਉਸ ਦੀ ਸੌਂਕਣ ਬਣ ਬੈਠੀ। ਮਾਂ ਇਸੇ ਗ਼ਮ ਵਿਚ ਪਰਲੋਕ ਸਿਧਾਰ ਗਈ। ਤੂੰ ਜਾਦੂ ਟੂਣੇ ਕੀਤੇ। ਢੇਕਡਲੀ ਉਮਰ ਵਿਚ ਮੇਰੇ ਬਾਪ ਨੂੰ ਨਸ਼ੀਲੇ ਕੁਸ਼ਤੇ ਖੁਆਉਣੇ ਸ਼ੁਰੂ ਕਰ ਦਿਤੇ ਤੇ ਉਹ ਤੇਰੇ ਵਸ ਵਿਚ ਹੋ ਗਏ।

ਸ਼ਾਹ ਤੁਰਕਾਨ : ਸੁਲਤਾਨ ਤੇਰੀ ਮਾਂ ਤੋਂ ਅੱਕ ਗਏ ਸਨ। ਉਸ ਨੂੰ ਹਰ ਕਨੀਜ਼ ਨਾਲ ਸਾੜਾ ਸੀ। ਮਸੱਲੇ ਉੱਤੇ ਬੈਠੀ ਤਸਬੀਹ ਫੇਰਦੀ ਤਾਂ ਹਰ ਮਣਕੇ ਨਾਲ ਕਨੀਜ਼ਾਂ ਦੇ ਨਾਂ ਗਿਣਦੀ। ਸੁਲਤਾਨ ਨੂੰ ਮੇਰੀ ਲੋੜ ਸੀ। ਪਰ ਤੂੰ ਮੇਰੇ ਤੇ ਸੁਲਤਾਨ ਦੇ ਵਿਚਕਾਰ ਕੰਧ ਬਣ ਕੇ ਖੜੀ ਹੋ ਗਈ। ਤੂੰ ਸੁਲਤਾਨ ਨੂੰ ਵਹਿਮੀ ਬਣਾ ਦਿਤਾ। ਹਰ ਇਕ ਉੱਤੇ ਸ਼ੱਕ। ਉਨ੍ਹਾਂ ਦੀਆਂ ਫ਼ਤਿਹਯਾਬੀਆਂ ਦਾ ਦਾਇਰਾ ਫੈਲਦਾ ਗਿਆ ਪਰ ਸੋਚਾਂ ਦਾ ਦਾਇਰਾ ਸੁੰਗੜਦਾ ਗਿਆ। ਉਹ ਤੇਰੇ ਮੁਹਤਾਜ ਹੁੰਦੇ ਗਏ। ਤੂੰ ਉਨ੍ਹਾਂ ਦੇ ਖਾਣੇ ਉੱਤੇ ਵੀ ਪਹਿਰਾ ਬਿਠਾ ਦਿਤਾ। ਜਦ ਤੀਕ ਤੂੰ ਖਾਣਾ ਨਾ ਚੱਖੇਂ ਉਹ ਬੁਰਕੀ ਨਹੀਂ ਸੀ ਤੋੜਦੇ। ਮੇਰੀ ਛਾਤੀ ਜਲਦੀ। ਪਹਿਲਾਂ ਇਹ ਖ਼ਿਦਮਤ ਮੇਰੇ ਸਪੁਰਦ ਸੀ।

ਰਜ਼ੀਆ : ਸਾਜ਼ਸ਼ਾਂ ਨਾਲ ਘਿਰੇ ਮਹਿਲ ਵਿਚ ਉਹ ਹੋਰ ਕਿਸ ਉੱਤੇ ਇਤਬਾਰ ਕਰਦੇ। ਤੇਰੀਆਂ ਨਜ਼ਰਾਂ ਸ਼ਮਸੀ ਤਖ਼ਤ ਉੱਤੇ ਲਗੀਆਂ ਹੋਈਆਂ ਹਨ। ਅੱਬਾ ਦੀਆਂ ਅੱਖਾਂ ਬੰਦ ਹਨ, ਪਰ ਕੰਨ ਹੁਣ ਵੀ ਖੁਲ੍ਹੇ ਹਨ। ਮਹਿਲ ਦੀ ਹਰ ਗੱਲ ਉਨ੍ਹਾਂ ਤੀਕ ਪਹੁੰਚ ਰਹੀ ਹੈ, ਤੇ ਇਹੋ ਗੱਲ ਉਨ੍ਹਾਂ ਨੂੰ ਮੌਤ ਦੇ ਨੇੜੇ ਲਿਜਾ ਰਹੀ ਹੈ। ਉਨ੍ਹਾਂ ਦੀ ਕਾਤਲ ਤੂੰ ਹੈਂ।

ਸ਼ਾਹ ਤੁਰਕਾਨ : ਮੇਰੇ ਉੱਤੇ ਇਹ ਇਲਜ਼ਾਮ ? ਸਾਰੀ ਜ਼ਿੰਦਗੀ ਉਨ੍ਹਾਂ ਦੀ ਖ਼ਿਦਮਤ ਕੀਤੀ। ਦੋ ਵਾਰ ਉਨ੍ਹਾਂ ਦੀ ਜਾਨ ਬਚਾਈ। ਰਣਥੰਬੋਰ ਦੀ ਮੁਹਿੰਮ ਤੋਂ ਪਰਤੇ ਤਾਂ ਪੁਰਾਣੀ ਬੀਮਾਰੀ ਨੇ ਘੇਰ ਲਿਆ। ਸਾਰੇ ਹਕੀਮ ਹਾਰ ਗਏ। ਮੈਂ ਆਇਤਾਂ ਪੜ੍ਹ ਪੜ੍ਹ ਕੇ ਫੂਕਾਂ ਮਾਰੀਆਂ। ਦਿਨਾਂ ਵਿਚ ਹੀ ਉਹ ਠੀਕ ਹੋ ਗਏ। ਇਕ

ਵਾਰ ਜੰਗਲ ਵਿਚ ਡੇਰਾ ਲਾਇਆ ਸੀ। ਮੈਂ ਨਾਲ ਸਾਂ। ਰਾਤ ਦੇ ਪਿਛਲੇ ਪਹਿਰ ਉੱਠੇ ਤਾਂ ਕਾਲੇ ਨਾਗ ਨੇ ਉਨ੍ਹਾਂ ਦੀ ਪਿੰਨੀ ਨੂੰ ਡੱਸ ਲਿਆ। ਮੈਂ ਉਸੇ ਵੇਲੇ ਸਾਰਾ ਜ਼ਹਿਰ ਚੂਸ ਲਿਆ ਤੇ ਉਨ੍ਹਾਂ ਨੂੰ ਨਵੀਂ ਜ਼ਿੰਦਗੀ ਦਿਤੀ।

ਰਜ਼ੀਆ : ਇਹ ਪੁਰਾਣਾ ਕਿੱਸਾ ਹੈ। ਉਸ ਵੇਲੇ ਉਨ੍ਹਾਂ ਦੀ ਜਾਨ ਬਚਾਈ, ਪਰ ਹੁਣ ਉਨ੍ਹਾਂ ਦੀ ਮੌਤ ਦਾ ਮਰਸੀਆ ਪੜ੍ਹਨ ਲਈ ਕਾਹਲੀ ਬੈਠੀ ਹੈਂ।

ਸ਼ਾਹ ਤੁਰਕਾਨ : ਖ਼ਬਰਦਾਰ ਜੁ ਅਜਿਹੀ ਗੱਲ ਜੀਭ ਤੇ ਲਿਆਂਦੀ। ਤੂੰ ਉਨ੍ਹਾਂ ਦੀ ਧੀ ਹੈਂ, ਮੈਂ ਵਿਆਹੁਤਾ ਪਤਨੀ। ਉਨ੍ਹਾਂ ਨੂੰ ਜੇ ਕੁਝ ਹੋ ਗਿਆ ਤਾਂ ਕਹਿਰ ਤਾਂ ਮੇਰੇ ਉੱਤੇ ਹੀ ਟੁੱਟੇਗਾ। ਤੇਰੇ ਦਿਲ ਵਿਚ ਕੀ ਹੈ, ਇਹ ਮੈਂ ਜਾਣਦੀ ਹਾਂ। ਤੂੰ ਇਸ ਮਹਿਲ ਵਿਚ ਰਹਿਣਾ ਚਾਹੁੰਦੀ ਹੈਂ। ਇਸੇ ਲਈ ਤੂੰ ਵਿਆਹ ਨਾ ਕੀਤਾ। ਹਰ ਅਮੀਰ ਨੂੰ ਠੁਕਰਾਇਆ। ਤੇਰੀ ਇਹੋ ਇੱਛਾ ਰਹੀ ਹੈ ਕਿ ਤੇਰਾ ਨਿਕਾਹ ਉਸ ਆਦਮੀ ਨਾਲ ਹੋਵੇ ਜੋ ਸੁਲਤਾਨ ਅਲਤਮਸ਼ ਦਾ ਰੂਪ ਹੋਵੇ।

ਰਜ਼ੀਆ : ਖ਼ਾਮੋਸ਼! ਮਲਕਾ ਬਣ ਕੇ ਵੀ ਕਨੀਜ਼ਾਂ ਵਾਲੇ ਚਾਲੇ ਨਾ ਗਏ।

ਸ਼ਾਹ ਤੁਰਕਾਨ : ਤੈਨੂੰ ਇਸ ਤਰ੍ਹਾਂ ਆਪਣੀ ਹਿੱਕ ਉੱਤੇ ਦੀਵਾ ਨਾ ਬਾਲਣ ਦਿਆਂਗੀ। ਸ਼ਾਹਜ਼ਾਦੇ ਦੀ ਮਾਂ ਹਾਂ, ਆਪਣਾ ਹੱਕ ਲੈ ਕੇ ਰਹਾਂਗੀ!

(ਜਾਂਦੀ ਹੈ। ਬਲਬਨ ਤੇ ਅਲਤੂਨੀਆ ਦਾਖ਼ਿਲ ਹੁੰਦੇ ਹਨ।)

ਬਲਬਨ : ਤੁਹਾਡੇ ਨਾਲ ਕੋਈ ਸਲਾਹ ਕਰਨੀ ਸੀ।

ਅਲਤੂਨੀਆਂ : ਹਾਲਾਤ ਏਨੀ ਤੇਜ਼ੀ ਨਾਲ ਬਦਲ ਰਹੇ ਹਨ ਕਿ ਜੇ ਫ਼ੌਰਨ ਇਨ੍ਹਾਂ ਦਾ ਤੋੜ ਨਾ ਸੋਚਿਆ ਗਿਆ ਤਾਂ ਪਛਤਾਉਣਾ ਪਵੇਗਾ।

ਬਲਬਨ : ਨਿਜ਼ਾਮ-ਉੱਲ-ਮੁਲਕ ਜੁਨੈਦੀ ਅਮੀਰਾਂ ਨੂੰ ਤੋੜ ਰਿਹਾ ਹੈ। ਸ਼ਮਸੀ ਖ਼ਜ਼ਾਨਾ ਤੁਹਾਡੇ ਖ਼ਿਲਾਫ਼ ਵਰਤ ਰਿਹਾ ਹੈ। ਪਹਿਰੇਦਾਰਾਂ ਤਕ ਨੂੰ ਵੱਢੀਆਂ ਤਾਰ ਕੇ ਖ਼ਰੀਦਿਆ ਜਾ ਰਿਹਾ ਹੈ। ਕਬੀਰ-ਖ਼ਾਨਿ-ਅਯਾਜ਼ ਵੀ ਜੁਨੈਦੀ ਨਾਲ ਜਾ ਰਲਿਆ ਹੈ।

ਅਲਤੂਨੀਆਂ : ਤੁਸੀਂ ਤਖ਼ਤ ਵਲ ਧਿਆਨ ਦਿਉ। ਪਰਜਾ ਤੁਹਾਡੇ ਨਾਲ ਹੈ।

ਰਜ਼ੀਆ : ਤਖ਼ਤ ਉੱਤੇ ਮੇਰੇ ਬਾਪ ਦੀਆਂ ਉਂਗਲਾਂ ਦੇ ਨਿਸ਼ਾਨ ਅਜੇ ਤਕ ਧੁੰਦਲੇ ਨਹੀ ਪਏ। ਮਹਿਲ ਦੇ ਹਰ ਖੂੰਜੇ ਵਿਚ ਉਨ੍ਹਾਂ ਦੇ ਸਾਹ ਦੀ ਮਹਿਕ ਹੈ। ਜੇ ਉਹ ਇਸ ਜਹਾਨ ਤੋਂ ਚਲੇ ਵੀ ਗਏ ਤਾਂ ਵੀ ਮੈਨੂੰ ਇਸ ਤਖ਼ਤ ਉੱਤੇ ਉਹੀ ਬੈਠੇ ਨਜ਼ਰ ਆਉਣਗੇ।

ਅਲਤੂਨੀਆਂ : ਰੁਕਨ-ਉਦ-ਦੀਨ ਤਖ਼ਤ ਉੱਤੇ ਬੈਠ ਗਿਆ ਤਾਂ ਤੁਹਾਡੇ ਇਹ ਖ਼ਾਦਿਮ ਆਪਣੇ ਜੋਸ਼ ਨੂੰ ਨਹੀਂ ਰੋਕ ਸਕਣਗੇ।

ਰਜ਼ੀਆ : ਅਲਤੂਨੀਆ, ਮੈਨੂੰ ਤੇਰੇ ਖ਼ਲੂਸ ਉੱਤੇ ਨਾਜ਼ ਹੈ, ਤੇ ਬਲਬਨ, ਤੇਰੀ ਵਫ਼ਾਦਾਰੀ ਉੱਤੇ ਪੂਰਾ ਭਰੋਸਾ। ਪਰ ਮੈਂ ਅੱਬਾ ਦੀ ਬੀਮਾਰੀ ਤੋਂ ਏਨੀ ਸਹਿਮੀ ਹੋਈ ਹਾਂ ਕਿ ਇਸ ਤੋਂ ਛੁਟ ਕੁਝ ਸੋਚ ਨਹੀਂ ਸਕਦੀ।

ਬਲਬਨ : ਸ਼ਮਸੀ ਦਰਬਾਰ ਦੋ ਹਿੱਸਿਆਂ ਵਿਚ ਵੰਡਿਆ ਜਾ ਚੁਕਿਆ ਹੈ। ਸਾਡੇ ਵਿਰੋਧੀ ਜੋੜ-ਤੋੜ ਵਿਚ ਲਗੇ ਹੋਏ ਹਨ ਤੇ ਤੁਸੀਂ ਚੁੱਪ ਹੋ!

ਅਲਤੂਨੀਆਂ : ਤੁਹਾਡੇ ਇਕ ਇਸ਼ਾਰੇ ਉੱਤੇ ਬਹੁਤ ਸਾਰੇ ਅਮੀਰ ਇਕੱਠੇ ਹੋ ਸਕਦੇ ਹਨ। ਹਜ਼ਾਰਾਂ ਤਲਵਾਰਾਂ ਮਿਆਨਾਂ ਵਿਚ ਤੜਫ਼ ਰਹੀਆਂ ਹਨ।

ਰਜ਼ੀਆ : ਮੈਂ ਖ਼ੂਨ ਖ਼ਰਾਬਾ ਨਹੀਂ ਚਾਹੁੰਦੀ। ਜੇ ਅੱਬਾ ਦੇ ਬਿਸਤਰ ਉੱਤੇ ਖ਼ੂਨ ਦਾ ਇਕ ਛਿੱਟਾ ਵੀ ਪਿਆ ਤਾਂ ਉਨ੍ਹਾਂ ਦੀ ਰੂਹ ਹਮੇਸ਼ਾ ਬੇਚੈਨ ਰਹੇਗੀ, ਤੇ ਮੈਂ ਆਪਣੇ ਮੱਥੇ ਉੱਤੇ ਖ਼ੂਨ ਦੀਆਂ ਇਹ ਮੁਹਰਾਂ ਨਾ ਧੋ ਸਕਾਂਗੀ। ਅੱਬਾ ਨੂੰ ਆਰਾਮ ਨਾਲ ਅੰਤਿਮ ਸਫ਼ਰ ਕਰਨਾ ਚਾਹੀਦਾ ਹੈ।

(ਬਲਬਨ ਤੇ ਅਲਤੂਨੀਆਂ ਜਾਂਦੇ ਹਨ। ਜ਼ੈਨਬ ਦਾਖ਼ਿਲ ਹੁੰਦੀ ਹੈ।)

ਜ਼ੈਨਬ : ਰਜ਼ੀਆ ਭੈਣ, ਮੈਨੂੰ ਡਰ ਲਗ ਰਿਹਾ ਹੈ! ਤਿੰਨ ਰਾਤਾਂ ਤੋਂ ਮੈਂ ਸੁੱਤੀ ਨਹੀਂ। ਮਹਿਲ ਵਿਚੋਂ ਕੁਰਾਨ ਪੜ੍ਹਨ ਦੀ ਗੁਨ-ਗੁਨਾਹਟ, ਲੋਬਾਨ ਦੀ ਬੋਝਲ ਖ਼ੁਸ਼ਬੂ ਤੇ ਇਨ੍ਹਾਂ ਹੱਵਸ-ਪ੍ਰਸਤ ਦਰਬਾਰੀਆਂ ਦਾ ਭੁੱਖੀਆਂ ਗਿਰਝਾਂ ਵਾਂਗ ਚੁਫੇਰੇ ਮੰਡਲਾਉਣਾ। ਇਹ ਸਭ ਕੁਝ ਦੇਖ ਕੇ ਮੇਰੇ ਦਿਲ ਨੂੰ ਡੋਬ ਪੈਂਦੇ ਹਨ। ਇਹ ਸੰਤਾਪ ਕਦੋਂ ਮੁੱਕੇਗਾ ? ਸਾਡਾ ਕੀ ਬਣੇਗਾ ?

ਰਜ਼ੀਆ : ਤੂੰ ਸਿਰਫ਼ ਆਪਣੇ ਗ਼ਮ ਤੇ ਡਰ ਵਿਚ ਡੁੱਬੀ ਹੋਈ ਹੈਂ। ਕਦੇ ਤੂੰ ਅੱਬਾ ਦੀ ਤਕਲੀਫ਼ ਬਾਰੇ ਵੀ ਸੋਚਿਆ ? ਉਨ੍ਹਾਂ ਨੇ ਇਸ ਬੰਜਰ ਧਰਤੀ ਨੂੰ ਮਜ਼ਬੂਤ ਸਲਤਨਤ ਵਿਚ ਬਦਲ ਦਿਤਾ। ਉਨ੍ਹਾਂ ਦੀਆਂ ਸਾਰੀਆਂ ਮੁਹਿੰਮਾਂ ਤੇ ਸੰਘਰਸ਼ ਆਪਣੀ ਪਰਜਾ ਦੀ ਖ਼ੁਸ਼ਹਾਲੀ ਲਈ ਸਨ। ਹੁਣ ਉਨ੍ਹਾਂ ਦਾ ਸਾਹ ਇਸ ਲਈ ਅਟਕਿਆ ਹੋਇਆ ਹੈ ਕਿ ਉਨ੍ਹਾਂ ਦੇ ਜੀਵਨ ਦਾ ਮੰਤਵ ਪੂਰਾ ਨਹੀਂ ਹੋਇਆ। ਉਨ੍ਹਾਂ ਨੂੰ ਸਦੀਵੀ ਨੀਂਦਰ ਕਿਵੇਂ ਆ ਸਕਦੀ ਹੈ, ਜਦੋਂ ਕਿ ਉਹ ਮਹਿਸੂਸ ਕਰ ਰਹੇ ਹਨ ਕਿ ਇਹ ਬਘਿਆੜ ਭੇਤਾਂ-ਭਰੇ ਪਰਛਾਵਿਆਂ ਵਾਂਗ ਉਨ੍ਹਾਂ ਦੀ ਮੌਤ ਨੂੰ ਉਡੀਕ ਰਹੇ ਹਨ ਤਾਂ ਜੁ ਇਸ ਸਲਤਨਤ ਦੀਆਂ ਵੰਡੀਆਂ ਪਾ ਸਕਣ।

ਜ਼ੈਨਬ : ਮੌਤ ਵਿਚੋਂ ਭਿਆਨਕ ਬੋ ਆਉਂਦੀ ਹੈ। ਮੇਰੇ ਰੋਮ ਰੋਮ ਵਿਚ ਡਰ ਭਰਿਆ ਹੋਇਆ ਹੈ। ਜਦੋਂ ਮਾਂ ਪਰਲੋਕ ਸਿਧਾਰੀ ਤਾਂ ਉਸ ਦੇ ਠੰਢੇ ਸੀਤ ਤੇ ਆਕੜੇ ਹੋਏ ਚਿਹਰੇ ਨੂੰ ਬਰਦਾਸ਼ਤ ਨਹੀਂ ਸਾਂ ਕਰ ਸਕੀ। ਹੁਣ ਅਠਾਰਾਂ ਦਿਨਾਂ ਤੋਂ ਅੱਬਾ ਦਾ ਚਿਹਰਾ ਵਿਗੜ ਗਿਆ ਹੈ। ਖੱਬੀ ਅੱਖ ਪਥਰਾ ਗਈ ਹੈ। ਨੀਲੇ ਹੋਠ ਸੁੱਜ ਗਏ ਹਨ। ਜਿਵੇਂ ਉਨ੍ਹਾਂ ਦੇ ਨੈਣ-ਨਕਸ਼ ਉਨ੍ਹਾਂ ਦੇ ਪਹਿਲੇ ਜੀਵਨ ਦਾ ਮੂੰਹ ਚਿੜਾ ਰਹੇ ਹੋਣ।

ਰਜ਼ੀਆ : ਮੇਰੇ ਵਾਸਤੇ ਹੁਣ ਵੀ ਉਹ ਅੱਬਾ ਤੇ ਸੁਲਤਾਨ ਹਨ। ਉਨ੍ਹਾਂ ਦੀ ਹਲਕੀ ਜਿਹੀ ਜੁੰਬਸ਼ ਨਾਲ ਹੁਣ ਵੀ ਅਮੀਰ ਕੰਬ ਉਠਦੇ ਹਨ। ਜਦੋਂ ਉਹ ਆਪਣਾ ਮੂੰਹ ਸਾਡੇ ਵਲੋਂ ਮੋੜ ਲੈਂਦੇ ਹਨ ਤਾਂ ਸੂਰਜ ਨੂੰ ਗ੍ਰਹਿਣ ਲਗ ਜਾਂਦਾ ਹੈ ਤੇ ਦੁਨੀਆਂ ਹਨੇਰੇ ਵਿਚ ਡੁਬ ਜਾਂਦੀ ਹੈ। ਉਨ੍ਹਾਂ ਦੀਆਂ ਮਜ਼ਬੂਤ ਬਾਹਾਂ ਵਿਚ ਹੁਣ ਵੀ ਜੰਗਾਂ ਨੂੰ ਜਿੱਤਣ ਦਾ ਨਿਸਚਾ ਹੈ ਤੇ ਚਿਹਰੇ ਉੱਤੇ ਇਨਸਾਫ਼ ਦਾ ਨੂਰ। ਉਨ੍ਹਾਂ ਦਾ ਹਰ ਸਾਹ ਲੋਕਾਂ ਨੂੰ ਨਵਾਂ ਜੀਵਨ ਦੇਂਦਾ ਹੈ। ਤੇ ਜਦੋਂ ਇਹ ਸਾਹ ਰੁਕਣ ਲਗਦਾ ਹੈ ਤਾਂ ਸਾਰੀ ਦੁਨੀਆਂ ਪੱਥਰ ਹੋ ਜਾਂਦੀ ਹੈ। ਮੈਂ ਇਕ ਵਡੇ ਜਵਾਲਾਮੁਖੀ ਨੂੰ ਸਮੁੰਦਰ ਦੀਆਂ ਗਹਿਰਾਈਆਂ ਵਿਚ ਡੁੱਬਦਿਆਂ ਤੱਕ ਰਹੀ ਹਾਂ। ਅੱਬਾ ਇਸ ਹਕੂਮਤ ਦੀ ਮੁੱਢਲੀ ਸ਼ਕਤੀ ਹਨ। ਉਨ੍ਹਾਂ ਦੇ ਛੇਕੜਲੇ ਸਾਹ ਨਾਲ ਹੀ ਇਹ ਸਲਤਨਤ ਖੇਰੂੰ ਖੇਰੂੰ ਹੋ ਜਾਵੇਗੀ।

ਜ਼ੈਨਬ : ਮੇਰਾ ਸਾਹ ਘੁਟਦਾ ਹੈ। ਹਰ ਪਾਸੇ ਪੈਰਾਂ ਦੀ ਸਰਸਰਾਹਟ ਤੇ ਭੇਤਾਂ-ਭਰੀਆਂ ਮੱਧਮ ਆਵਾਜ਼ਾਂ। ਉਹ ਨਿਗਾਹਾਂ ਜੋ ਕਦੇ ਦੋਸਤੀ ਦਾ ਹੁੰਗਾਰਾ ਭਰਦੀਆਂ ਸਨ ਹੁਣ ਜ਼ਹਿਰ ਵਿਚ ਬੁਝੀਆਂ ਨਜ਼ਰ ਆਉਂਦੀਆਂ ਹਨ। ਉਹ ਮੁਸਕਰਾਹਟ

ਜੋ ਕਦੇ ਮਿੱਠੀ ਤੇ ਖ਼ੂਬਸੂਰਤ ਸੀ, ਹੁਣ ਕੌੜੀ ਤੇ ਕੋਝੀ ਬਣ ਗਈ ਹੈ।

ਰਜ਼ੀਆ : ਇਸ ਘੜੀ ਤੂੰ ਆਪਣੇ ਬਾਰੇ ਸੋਚਣਾ ਬੰਦ ਕਰ। ਅੱਲਾਹ ਤਾਲਾ ਤੋਂ ਅੱਬਾ ਦੀ ਰੂਹ ਦੀ ਸਲਾਮਤੀ ਲਈ ਦੁਆ ਮੰਗ। ਆਪਣੇ ਦਿਲ ਤੇ ਦਿਮਾਗ਼ ਨੂੰ ਅੱਬਾ ਤੇ ਖ਼ੁਦਾ ਨਾਲ ਜੋੜ ਤਾਂ ਜੋ ਉਹ ਆਪਣਾ ਅੰਤਿਮ ਸਫ਼ਰ ਆਰਾਮ ਨਾਲ ਕਰ ਸਕਣ।

ਜ਼ੈਨਬ : ਮੈਂ ਬਾਰ ਬਾਰ ਦੁਆ ਮੰਗਣ ਦੀ ਕੋਸ਼ਿਸ਼ ਕੀਤੀ, ਪਰ ਮੇਰਾ ਦਿਲ ਡੁੱਬਣ ਲੱਗਦਾ ਹੈ ਤੇ ਬੁੱਲ੍ਹ ਕੰਬਣ ਲਗਦੇ ਹਨ।

ਰਜ਼ੀਆ : ਸਬਰ ਕਰ ਜ਼ੈਨਬ। ਡਰਨ ਦੀ ਕੋਈ ਗੱਲ ਨਹੀਂ। ਆਦਮੀ ਦਾ ਚਿਹਰਾ ਮਰਨ ਤੋਂ ਪਹਿਲਾਂ ਕੋਝਾ ਹੋ ਜਾਂਦਾ ਹੈ ਤੇ ਭਿਆਨਕ। ਪਰ ਜ਼ਿੰਦਗੀ ਇਸ ਤੋਂ ਵੀ ਜ਼ਿਆਦਾ ਭਿਆਨਕ ਹੈ। ਮੌਤ ਆਪਣੀ ਨਿੱਜੀ ਸਲਤਨਤ ਹੈ ਜਿਸ ਵਿਚ ਕੋਈ ਬਗ਼ਾਵਤ ਨਹੀਂ। ਆਪਣੇ ਆਪ ਨੂੰ ਮੌਤ ਦੇ ਕਾਬਿਲ ਬਣਾ ਫਿਰ ਤੈਨੂੰ ਜ਼ਿੰਦਗੀ ਤੋਂ ਡਰ ਨਹੀਂ ਲਗੇਗਾ, ਜਿਵੇਂ ਅੱਬਾ ਨੂੰ ਕੋਈ ਡਰ ਨਹੀਂ ਲਗ ਰਿਹਾ।

(ਜ਼ੈਨਬ ਸਿਸਕੀਆਂ ਭਰਨ ਲਗਦੀ ਹੈ।)

ਅਸੀਂ ਆਪਣੇ ਆਪ ਨੂੰ ਉੱਚੇ ਵਿਚਾਰਾਂ ਨਾਲ ਤਸੱਲੀ ਦੇਂਦੇ ਹਾਂ ਤਾਂ ਜੁ ਆਪਣੇ ਦਿਲ ਵਿਚ ਲੁਕੇ ਡਰ ਉੱਤੇ ਕਾਬੂ ਪਾ ਸਕੀਏ। ਸ਼ਬਦਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਅਜ਼ਮਾਇਸ਼ਾਂ ਦੇ ਤਪਦੇ ਥਲਾਂ ਵਿਚੋਂ ਦੀ ਲੰਘਣਾ ਪੈਂਦਾ ਹੈ।

(ਅਲਤੂਨੀਆ ਵਾਪਿਸ ਆਉਂਦਾ ਹੈ। ਜ਼ੈਨਬ ਉਸ ਨੂੰ ਦੇਖ ਕੇ ਤੇਜ਼ੀ ਨਾਲ ਚਲੀ ਜਾਂਦੀ ਹੈ।)

ਅਲਤੂਨੀਆ : ਬਸ ਇਕ ਨਜ਼ਰ ਤੈਨੂੰ ਦੇਖਣ ਲਈ ਪਰਤ ਆਇਆ।

ਰਜ਼ੀਆ : ਤੈਨੂੰ ਫ਼ੌਰਨ ਇਥੋਂ ਚਲੇ ਜਾਣਾ ਚਾਹੀਦਾ ਹੈ।

ਅਲਤੂਨੀਆ : ਹੁਣੇ ਤੂੰ ਕਿਹਾ ਸੀ ਕਿ ਸੁਲਤਾਨ ਨੂੰ ਅੰਤਿਮ ਸਫ਼ਰ ਆਰਾਮ ਨਾਲ ਕਰਨਾ ਚਾਹੀਦਾ ਹੈ। ਜਾਣਦੀ ਹੈਂ ਉਨ੍ਹਾਂ ਦੀ ਅੰਤਿਮ ਖ਼ਾਹਿਸ਼ ਕੀ ਹੈ ?

ਰਜ਼ੀਆ : ਜਾਣਦੀ ਹਾਂ।

ਅਲਤੂਨੀਆ : ਸ਼ਾਇਦ ਇਸੇ ਲਈ ਉਨ੍ਹਾਂ ਦੀ ਜਾਨ ਅਟਕੀ ਹੋਈ ਹੈ। ਉਨ੍ਹਾਂ ਦੇ ਬੁੱਲ੍ਹ ਬਾਰ ਬਾਰ ਹਿੱਲਦੇ ਹਨ, ਪਰ ਬੋਲ ਨਹੀਂ ਸਕਦੇ। ਉਨ੍ਹਾਂ ਨੇ ਹਮੇਸ਼ਾ ਚਾਹਿਆ ਕਿ ਮੈਨੂੰ ਆਪਣੇ ਪੁੱਤ ਦੀ ਥਾਂ ਲੈ ਲੈਣ। ਤੇਰਾ ਨਿਕਾਹ ਮੇਰੇ ਨਾਲ ਹੋ ਜਾਵੇ। ਤੇਰੀ ਮਾਂ ਦੀ ਵੀ ਇਹੋ ਮਰਜ਼ੀ ਸੀ। ਸਭ ਕੁਝ ਤੈਅ ਹੋ ਚੁਕਿਆ ਸੀ ਪਰ ਤੂੰ ਪਤਾ ਨਹੀਂ ਕਿਉਂ ਇਨਕਾਰ ਕਰ ਦਿਤਾ। ਪਹਿਲਾਂ ਮੈਂ ਸਮਝਿਆ ਸ਼ਾਇਦ ਤੇਰੀਆਂ ਨਜ਼ਰਾਂ ਵਿਚ ਕੋਈ ਹੋਰ ਹੈ। ਮੈਂ ਈਰਖਾ ਦੀ ਅੱਗ ਵਿਚ ਸੜਨ ਲੱਗਾ। ਦਰਬਾਰ ਦੇ ਹਰ ਨੌਜਵਾਨ ਅਮੀਰ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ। ਪਹਿਰੇਦਾਰਾਂ ਤੇ ਕਨੀਜ਼ਾਂ ਤੋਂ ਅੰਦਰਲਾ ਭੇਤ ਜਾਣਨ ਦੀ ਕੋਸ਼ਿਸ਼ ਕੀਤੀ। ਪਰ ਇਹੋ ਪਤਾ ਚਲਿਆ ਕਿ ਮਹਿਲ ਵਿਚ ਮੇਰੇ ਬਿਨਾ ਹੋਰ ਕੋਈ ਤੈਨੂੰ ਮਿਲਣ ਨਹੀਂ ਆਇਆ।

ਰਜ਼ੀਆ : ਮੈਂ ਅੱਬਾ ਨੂੰ ਸਾਫ਼ ਸਾਫ਼ ਕਹਿ ਦਿਤਾ ਸੀ ਕਿ ਮੈਂ ਸ਼ਾਦੀ ਨਹੀਂ ਕਰਾਂਗੀ। ਇਹ ਮੇਰਾ ਜ਼ਾਤੀ ਮੁਆਮਲਾ ਹੈ।

ਅਲਤੂਨੀਆ : ਸੁਲਤਾਨ ਦੀ ਧੀ ਦੀ ਸ਼ਾਦੀ ਜ਼ਾਤੀ ਮੁਆਮਲਾ ਨਹੀਂ ਹੋ ਸਕਦਾ। ਇਹ ਰਾਜਸੀ

ਸਿਆਣਪ ਦਾ ਮੁਆਮਲਾ ਵੀ ਹੈ। ਤਖ਼ਤ ਉੱਤੇ ਬੈਠਣ ਲਈ ਤੈਨੂੰ ਕਿਸੇ ਮਰਦ ਦਾ ਸਹਾਰਾ ਚਾਹੀਦਾ ਹੈ। ਸ਼ਾਹ ਤੁਰਕਾਨ ਮੁੱਢ ਤੋਂ ਹੀ ਸਾਡੀ ਸ਼ਾਦੀ ਦੇ ਖ਼ਿਲਾਫ਼ ਸੀ ਕਿਉਂਕਿ ਉਹ ਸਾਡੀ ਸਾਂਝੀ ਤਾਕਤ ਤੋਂ ਡਰਦੀ ਹੈ। ਇਸ ਵੇਲੇ ਤੂੰ ਰਾਜਸੀ ਬਖ਼ਿਆੜਾਂ ਵਿਚ ਘਿਰੀ ਹੋਈ ਹੈਂ। ਕੌਣ ਵਫ਼ਾਦਾਰ ਹੈ, ਕੌਣ ਗੱਦਾਰ—ਤੂੰ ਇਹ ਨਹੀਂ ਜਾਣ ਸਕਦੀ। ਤੈਨੂੰ ਮੇਰੀ ਲੋੜ ਹੈ। ਇਹੋ ਸੱਧਰ ਦਿਲ ਵਿਚ ਪਾਲਦਾ ਰਿਹਾ ਹਾਂ ਕਿ ਤੇਰੇ ਕੰਮ ਆਵਾਂ। ਤੇਰੀ ਖ਼ਿਦਮਤ ਕਰ ਸਕਾਂ। ਸਾਰੀ ਦੁਨੀਆਂ ਜਿੱਤ ਕੇ ਤੇਰੇ ਕਦਮਾਂ ਵਿਚ ਸੁਟ ਦੇਵਾਂ।

ਰਜ਼ੀਆ : ਮੈਂ ਤੇਰੀ ਕਦਰ ਕਰਦੀ ਹਾਂ, ਅਲਤੂਨੀਆਂ। ਪਰ ਤੈਨੂੰ ਆਪਣੇ ਦਿਲ ਵਿਚੋਂ ਇਹ ਖ਼ਿਆਲ ਕਢ ਦੇਣਾ ਚਾਹੀਦਾ ਹੈ ਕਿ ਮੇਰਾ ਕਦੇ ਵੀ ਕਿਸੇ ਨਾਲ ਨਿਕਾਹ ਹੋਵੇਗਾ।

(ਚਲੀ ਜਾਂਦੀ ਹੈ। ਬਲਬਨ ਆਉਂਦਾ ਹੈ।)

ਬਲਬਨ : ਕੀ ਸੋਚ ਰਿਹਾ ਹੈਂ ? ਔਰਤ ਦਾ ਹੁਸਨ ਧੋਖਾ ਹੈ। ਤੂੰ ਇਸ ਤੀਵੀਂ ਨੂੰ ਪ੍ਰਾਪਤ ਨਹੀਂ ਕਰ ਸਕਦਾ। ਤੂੰ ਭਾਵਨਾਵਾਂ ਦੀ ਦਲ-ਦਲ ਵਿਚ ਖੁਭ ਗਿਆ ਏਂ। ਅਸੀਂ ਇਕ ਵੱਡਾ ਫ਼ਰਜ਼ ਅਦਾ ਕਰਨਾ ਹੈ। ਇਸ ਦੀ ਪੂਰਤੀ ਤੋਂ ਸਾਨੂੰ ਕੋਈ ਨਹੀਂ ਰੋਕ ਸਕਦਾ। ਨਾ ਇਨ੍ਹਾਂ ਗੱਦਾਰਾਂ ਦੇ ਛੋਟੇ ਛੋਟੇ ਜ਼ਾਤੀ ਫ਼ਾਇਦੇ, ਨਾ ਔਰਤਾਂ ਦਾ ਹੁਸਨ। ਇਸ ਸਲਤਨਤ ਨੂੰ ਮਜ਼ਬੂਤ ਬਣਾਉਣਾ, ਇਸ ਦੇ ਰਾਜ-ਪ੍ਰਬੰਧ ਨੂੰ ਤਕੜਾ ਕਰਨਾ, ਇਸ ਦੀਆਂ ਸੀਮਾਵਾਂ ਨੂੰ ਫੈਲਾਉਣਾ ਤੇ ਇਸ ਦੀਆਂ ਬੁਨਿਆਦਾਂ ਨੂੰ ਪੱਕਾ ਕਰਨਾ — ਇਹੋ ਸਾਡਾ ਮੰਤਵ ਹੈ। ਬਾਦਸ਼ਾਹਤ ਰੱਬ ਦੀ ਦੇਣ ਹੈ ਅਤੇ ਉਹੀ ਸ਼ਖ਼ਸ ਬਾਦਸ਼ਾਹ ਅਖਵਾਉਣ ਦਾ ਹੱਕਦਾਰ ਹੈ ਜੋ ਆਪਣੇ ਅੰਦਰ ਸ਼ਾਹਾਨਾ ਜਲਾਲ ਲਿਆ ਸਕੇ। ਕੋਈ ਸੁਲਤਾਨ ਪੈਦਾ ਨਹੀਂ ਹੁੰਦਾ, ਨਾ ਸੁਫ਼ਨੇ ਵੇਖਣ ਨਾਲ ਬਾਦਸ਼ਾਹ ਬਣ ਜਾਂਦਾ ਹੈ। ਇਸ ਦੇ ਲਈ ਤਿੱਖੀ ਸੂਝ, ਆਤਮ-ਸੰਘਰਸ਼ ਤੇ ਨਫ਼ਸਕਸ਼ੀ ਦੇ ਪੜਾਵਾਂ ਵਿਚੋਂ ਦੀ ਲੰਘਣਾ ਪੈਂਦਾ ਹੈ। ਆਪਣੇ ਆਪੇ ਨੂੰ ਲੱਭਣ ਲਈ ਸਭ ਤੋਂ ਪਹਿਲਾਂ ਆਪਣੇ ਨਫ਼ਸ ਨੂੰ ਮਾਰਨ ਦੀ ਲੋੜ ਹੈ। ਇਹੋ ਬਾਦਸ਼ਾਹਤ ਦਾ ਪਹਿਲਾ ਅਸੂਲ ਹੈ।

(ਹਨੇਰਾ)

## ਸੀਨ ਚੌਥਾ

(ਰੁਕਨ-ਉਦ-ਦੀਨ ਮਸਨਦ ਉੱਤੇ ਬੈਠਾ ਸ਼ਰਾਬ ਪੀ ਰਿਹਾ ਹੈ। ਯਾਸਮੀਨ ਸੁਰਾਹੀ ਵਿਚੋਂ ਪਿਆਲਾ ਭਰ ਰਹੀ ਹੈ। ਅੰਬਰ ਮੇਵਿਆਂ ਨਾਲ ਸਜਿਆ ਖਵਾਨ ਲਈ ਖੜੀ ਹੈ।)

ਯਾਸਮੀਨ : ਸ਼ਾਹਜ਼ਾਦਾ-ਇ-ਆਲਮ, ਕਨੀਜ਼ ਦੇ ਹੱਥੋਂ ਇਹ ਜਾਮ ਕਬੂਲ ਕਰੋ।

ਰੁਕਨ-ਉਦ-ਦੀਨ : ਤੂੰ ਖ਼ੁਦ ਇਕ ਜਾਮ ਹੈਂ — ਏ ਆਤਿਸ਼ਾ। ਨੱਕੋ ਨੱਕ ਭਰਿਆ ਹੋਇਆ।

ਯਾਸਮੀਨ : ਪਰ ਹਜ਼ੂਰ ਨੇ ਤਾਂ ਹੱਥ ਵੀ ਨਹੀਂ ਲਾਇਆ। ਪਿਛਲੇ ਕੁਝ ਦਿਨਾਂ ਤੋਂ ਆਪ ਉਦਾਸ ਨਜ਼ਰ ਆਉਂਦੇ ਹੋ। ਤੁਹਾਨੂੰ ਕਿਸ ਫ਼ਿਕਰ ਨੇ ਪਰੇਸ਼ਾਨ ਕਰ ਰਖਿਐ।

ਰੁਕਨ-ਉਦ-ਦੀਨ : ਉਸ ਘੁਟਨ ਵਿਚ ਤਬੀਅਤ ਪਰੇਸ਼ਾਨ ਹੋ ਗਈ। ਸਭ ਕੁਝ ਭੁੱਲਣਾ ਚਾਹੁੰਦਾ

ਹਾਂ - - -ਤਲਵਾਰ, ਖ਼ੂਨ, ਘੋੜਾ, ਹਕੀਮਾਂ ਦੇ ਮਸ਼ਵਰੇ ਤੇ ਲਾਸ਼ ਦੀ ਬੂ। ਮੈਨੂੰ ਮੌਤ ਤੋਂ ਡਰ ਲਗਦਾ ਹੈ। ਪਰ ਮੇਰੀ ਮਾਂ ਇਸ ਦੇ ਵਾਸਤੇ ਬਿਹਬਲ ਹੈ। ਖ਼ਾਨਗਾਹਾਂ ਤੇ ਡੇਰਿਆਂ ਵਿਚ ਜਾ ਕੇ ਦੁਆਵਾਂ ਮੰਗਦੀ ਹੈ। ਮੱਥਾ ਰਗੜਦੀ ਹੈ। ਇਕੋ ਦੁਆ ਵਿਚ ਸੁਲਤਾਨ ਦੀ ਸਿਹਤ ਤੇ ਮੌਤ।

ਯਾਸਮੀਨ : ਤੁਹਾਡਾ ਧਿਆਨ ਬਾਰ ਬਾਰ ਉਸੇ ਪਾਸੇ ਜਾ ਰਿਹਾ ਹੈ। ਹਜ਼ੂਰ, ਕਨੀਜ਼ ਨੂੰ ਖ਼ਿਦਮਤ ਕਰਨ ਦਾ ਮੌਕਾ ਬਖ਼ਸ਼ੋ।

ਰੁਕਨ-ਉਦ-ਦੀਨ : ਹਰਮਸਰਾ ਵਿਚ ਐਨੀਆਂ ਕਨੀਜ਼ਾਂ ਹਨ..ਤੂੰ ਹੁਣ ਤੀਕ ਕਿਥੇ ਲੁਕੀ ਹੋਈ ਸੈਂ ?

ਯਾਸਮੀਨ : ਤੁਹਾਡੀ ਮਿਹਰਬਾਨ ਨਿਗਾਹ ਨੂੰ ਉਡੀਕ ਰਹੀ ਸਾਂ।

(ਸ਼ਾਹਜ਼ਾਦਾ ਅੰਗੂਰ ਖਾਂਦਿਆਂ ਗੁੱਛਾ ਉਸ ਵਲ ਸੁੱਟਦਾ ਹੈ। ਯਾਸਮੀਨ ਬੋਚਦੀ ਹੈ ਤੇ ਖਿੜਖਿੜਾ ਕੇ ਉਸ ਦੀ ਗੋਦੀ ਵਿਚ ਲਿਟ ਜਾਂਦੀ ਹੈ।)

ਰੁਕਨ-ਉਦ-ਦੀਨ : ਸੁਰਖ਼ ਸ਼ਰਾਬ ਤੜਪ ਕੇ ਡੁੱਲ੍ਹ ਗਈ।

(ਦੋਵੇਂ ਹੱਸਦੇ ਹਨ। ਸ਼ਾਹ ਤੁਰਕਾਨ, ਜੁਨੈਦੀ ਤੇ ਸ਼ਾਹਜ਼ਾਦਾ ਬਹਿਰਾਮ ਸ਼ਾਹ ਦਾਖ਼ਿਲ ਹੁੰਦੇ ਹਨ। ਸੰਨਾਟਾ। ਦੋਵੇਂ ਕਨੀਜ਼ਾਂ ਅਦਬ ਨਾਲ ਖੜੀਆਂ ਹੋ ਜਾਂਦੀਆਂ ਹਨ।)

ਸ਼ਾਹ ਤੁਰਕਾਨ : ਉਧਰ ਬਾਪ ਦਮ ਤੋੜ ਰਿਹਾ ਹੈ ਤੇ ਤੇਰੇ ਹੱਥ ਵਿਚ ਪਿਆਲਾ!

ਰੁਕਨ-ਉਦ-ਦੀਨ : ਸਾਰੀ ਰਾਤ ਮੈਂ ਨਹੀਂ ਸਕਿਆ। ਇਕ ਪਾਸੇ ਤੀਵੀਆਂ ਦੇ ਵੈਣ ਤੇ ਦੂਜੇ ਪਾਸੇ ਅਮੀਰਾਂ ਦਾ ਔਠੋ ਪਹਿਰ ਅੰਦਰ ਆਉਣਾ ਜਾਣਾ। ਇਸ ਮਹਿਲ ਵਿਚ ਕਿਤੇ ਵੀ ਚੈਨ ਨਹੀਂ।

ਸ਼ਾਹ ਤੁਰਕਾਨ : ਇਹ ਸੌਣ ਦਾ ਵੇਲਾ ਨਹੀਂ। ਜ਼ਰਾ ਜਹੀ ਵੀ ਅਣਗਹਿਲੀ ਕੀਤੀ ਤਾਂ ਸਲਤਨਤ ਹੱਥੋਂ ਖੋ ਬੈਠੇਂਗਾ। ਪਿਆਲੇ ਦੀ ਥਾਂ ਤੇਰੇ ਹੱਥ ਵਿਚ ਇਸ ਵੇਲੇ ਤਲਵਾਰ ਚਾਹੀਦੀ ਹੈ।

(ਹੱਥ ਮਾਰ ਕੇ ਪਿਆਲਾ ਡੇਗ ਦਿੰਦਾ ਹੈ। ਯਾਸਮੀਨ ਤੇ ਅੰਬਰ ਉਸ ਦੀਆਂ ਬਲਦੀਆਂ ਅੱਖਾਂ ਨੂੰ ਦੇਖਦੀਆਂ ਪਿਛੇ ਹਟਦੀਆਂ ਚਲੀਆਂ ਜਾਂਦੀਆਂ ਹਨ।

ਉਠ! ਹਿੰਦੁਸਤਾਨ ਤੇਰੇ ਪੈਰਾਂ ਵਿਚ ਪਿਆ ਹੈ। ਤੇਰੀ ਮਾਂ ਤੇਰੇ ਵਾਸਤੇ ਤਖ਼ਤ ਹਾਸਿਲ ਕਰ ਸਕਦੀ ਹੈ, ਪਰ ਸ਼ਮਸੀ ਤਲਵਾਰ ਵਾਸਤੇ ਤੈਨੂੰ ਹੀ ਅੱਗੇ ਵਧਣਾ ਪਵੇਗਾ।

ਜੁਨੈਦੀ : ਮੈਂ ਤੁਹਾਡੇ ਵਾਸਤੇ ਰਸਤਾ ਸਾਫ਼ ਕਰ ਦਿੱਤਾ ਹੈ। ਖੁਫ਼ੀਆ ਮਹਿਕਮੇ ਦਾ ਸਾਰਾ ਅਮਲਾ ਚੌਕਸ ਹੈ। ਹਿਫ਼ਾਜ਼ਤੀ ਦਸਤੇ ਸਭ ਥਾਵਾਂ ਉਤੇ ਤੈਈਨਾਤ ਹਨ।

ਬਹਿਰਾਮ ਸ਼ਾਹ : ਮੈਂ ਤੁਹਾਡੇ ਹੱਕ ਲਈ ਮੋਢੇ ਨਾਲ ਮੋਢਾ ਜੋੜ ਕੇ ਲੜਾਂਗਾ। ਜਿਥੇ ਤੁਹਾਡਾ ਪਸੀਨਾ ਡਿੱਗੇਗਾ ਉਥੇ ਮੇਰਾ ਖ਼ੂਨ ਡੁਲ੍ਹੇਗਾ।

**ਰੁਕਨ-ਉਦ-ਦੀਨ** : ਤੁਹਾਡੇ ਆਉਣ ਨਾਲ ਮੇਰੇ ਅੰਦਰ ਹਿੰਮਤ ਆ ਗਈ ਏ।

**ਸ਼ਾਹ ਤੁਰਕਾਨ** : ਸੁਲਤਾਨ ਨੇ ਹਮੇਸ਼ਾਂ ਤੈਨੂੰ ਇਕ ਪਾਸੇ ਰਖਿਆ। ਦੁਸ਼ਮਣ ਬਦਨਾਮ ਕਰਦੇ ਰਹੇ। ਉਨ੍ਹਾਂ ਨੇ ਤੈਨੂੰ ਕਨੀਜ਼ ਦਾ ਪੁੱਤ ਕਿਹਾ। ਮੇਰੀ ਛਾਤੀ ਵਿਚ ਇਹ ਅੰਗਿਆਰ ਭਖ ਰਿਹਾ ਹੈ। ਵਰ੍ਹਿਆਂ ਤੋਂ ਇਸ ਦਿਨ ਦੀ ਉਡੀਕ ਸੀ। ਵਿਰੋਧੀਆਂ ਨੂੰ ਕੁਚਲ ਕੇ ਤੈਨੂੰ ਇਹ ਸਲਤਨਤ ਸੰਭਾਲਣੀ ਹੋਵੇਗੀ। ਤੇਰੀਆਂ ਰਗਾਂ ਵਿਚ ਅਲਬਰੀ ਖ਼ੂਨ ਹੈ। ਤੂੰ ਹੀ ਇਸ ਦਾ ਵਾਰਿਸ ਹੈਂ।

**ਰੁਕਨ-ਉਦ-ਦੀਨ** : ਅਮੀ ਜਾਨ, ਤੁਹਾਡਾ ਹੱਥ ਮੇਰੇ ਸਿਰ ਉਤੇ ਰਿਹਾ ਤਾਂ ਮੈਂ ਇਸ ਜ਼ੁੰਮੇਵਾਰੀ ਨੂੰ ਨਿਭਾ ਸਕਾਂਗਾ।

(ਸ਼ੇਖ਼-ਉਲ-ਇਸਲਾਮ ਤੇ ਕਬੀਰ-ਖ਼ਾਨਿ-ਅਯਾਜ਼ ਦਾਖ਼ਿਲ ਹੁੰਦੇ ਹਨ।)

**ਸ਼ੇਖ਼-ਉਲ-ਇਸਲਾਮ** : ਸ਼ਹਿਜ਼ਾਦਾ ਰੁਕਨ-ਉਦ-ਦੀਨ ਦਾ ਇਕਬਾਲ ਬੁਲੰਦ ਰਹੇ! ਖ਼ੁਦਾਵੰਦ ਕਰੀਮ ਦੀ ਰਹਿਮਤ ਹੋਵੇ!

**ਸ਼ਾਹ ਤੁਰਕਾਨ** : ਤੁਹਾਡੀ ਦੁਆ ਨਾਲ ਹੀ ਮੇਰੇ ਪੁੱਤ ਨੂੰ ਕਾਮਯਾਬੀ ਨਸੀਬ ਹੋਵੇਗੀ।

**ਕਬੀਰ-ਖ਼ਾਨਿ-ਅਯਾਜ਼** : ਤੁਹਾਡਾ ਸੁਨੇਹਾ ਮਿਲਦਿਆਂ ਸਾਰ ਮੈਂ ਕੂਚ ਕੀਤਾ। ਇਥੇ ਆ ਕੇ ਦੇਖਿਆ ਤਾਂ ਨਕਸ਼ਾ ਹੀ ਹੋਰ ਸੀ। ਪਰਜਾ ਵਿਚ ਰਜ਼ੀਆ ਦੇ ਹੰਝੂਆਂ ਦੀ ਚਰਚਾ ਹੈ। ਅਜੇਹੇ ਸੂਰਬੀਰਾਂ ਦੀ ਕਮੀ ਨਹੀਂ ਜੋ ਇਨ੍ਹਾਂ ਹੰਝੂਆਂ ਉਤੇ ਆਪਣੀਆਂ ਜਾਨਾਂ ਕੁਰਬਾਨ ਕਰ ਦੇਣ।

**ਜੁਨੈਦੀ** : ਹੰਝੂਆਂ ਨਾਲ ਸਲਤਨਤਾਂ ਨਹੀਂ ਚਲਦੀਆਂ।

**ਕਬੀਰ-ਖ਼ਾਨਿ-ਅਯਾਜ਼** : ਤੁਰਕ ਅਮੀਰਾਂ ਵਿਚ ਫੁਟ ਪਈ ਹੋਈ ਸੀ, ਪਰ ਹੁਣ ਸਭ ਦਾ ਫ਼ੈਸਲਾ ਹੈ ਕਿ ਉਹ ਵੱਡੇ ਸ਼ਾਹਜ਼ਾਦੇ ਨੂੰ ਹੀ ਆਪਣਾ ਸੁਲਤਾਨ ਮੰਨਣਗੇ। ਹਾਂਸੀ ਤੇ ਕਿ ਉਹ ... ਅਲਾ-ਬਦਾਯੂੰ ਨੇ ਤੁਹਾਡੀ ਹਿਮਾਇਤ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਅਲਾ-ਉਦ-ਦੀਨ ਸ਼ੇਰਜਾਨੀ ਤੁਹਾਡਾ ਜ਼ਬਰਦਸਤ ਹਾਮੀ ਹੈ। ਖ਼ਾਦਿਮ ਦੀ ਸਾਰੀ ਫ਼ੌਜ ਤੁਹਾਡੇ ਹੁਕਮ ਦੀ ਉਡੀਕ ਵਿਚ ਹੈ।

**ਸ਼ਾਹ ਤੁਰਕਾਨ** : ਕਬੀਰ-ਖ਼ਾਨਿ-ਅਯਾਜ਼, ਸਾਨੂੰ ਤੁਹਾਡੇ ਸਾਰਿਆਂ ਉਤੇ ਯਕੀਨ ਹੈ। ਇਨਸ਼ਾ ਅੱਲਾਹ ਅਸੀਂ ਕਾਮਯਾਬ ਹੋਵਾਂਗੇ।

(ਬਲਬਨ ਤੇ ਅਲਤੂਨੀਆਂ ਦਾਖ਼ਿਲ ਹੁੰਦੇ ਹਨ।)

**ਬਲਬਨ** : ਸੁਲਤਾਨ ਜ਼ਿੰਦਾ ਹਨ ਤੇ ਤੁਸੀਂ ਹੁਣੇ ਤੋਂ ਤਖ਼ਤ ਦਾ ਫ਼ੈਸਲਾ ਕਰ ਰਹੇ ਹੋ।

**ਅਲਤੂਨੀਆਂ** : ਉਨ੍ਹਾਂ ਨੇ ਰਜ਼ੀਆ ਨੂੰ ਆਪਣੀ ਜਾਨਸ਼ੀਨ ਮੁਕੱਰਰ ਕੀਤਾ ਹੈ। ਦੇਖਦੇ ਹਾਂ ਕਿਹੜਾ ਉਸ ਦਾ ਹੱਕ ਮਾਰਦਾ ਹੈ।

**ਜੁਨੈਦੀ** : ਔਰਤ ਦੇ ਕਮਜ਼ੋਰ ਮੋਢੇ ਤਖ਼ਤ ਦਾ ਬੋਝ ਨਹੀਂ ਝੱਲ ਸਕਦੇ।

ਬਲਬਨ : ਔਰਤ ਨੂੰ ਕਮਜ਼ੋਰ ਸਮਝ ਕੇ ਤੁਸੀਂ ਆਪਣੀ ਪੁਗਾਣਾ ਚਾਹੁੰਦੇ ਹੋ ? ਬਲਬਨ ਦੀ ਤਲਵਾਰ ਨੂੰ ਹਾਲੇ ਜੰਗ ਨਹੀਂ ਲਗਿਆ।

ਸ਼ਿਖ-ਉਲ-ਇਸਲਾਮ : ਸ਼ਰ੍ਹਾ ਦੇ ਮੁਤਾਬਕ ਪੁੱਤ ਹੀ ਤਖ਼ਤ ਉੱਤੇ ਬੈਠ ਸਕਦਾ ਹੈ।

ਅਲਤੂਨੀਆ : ਗੱਲਾਂ ਸ਼ਰ੍ਹਾ ਦੀਆਂ ਕਰਦਾ ਏਂ ਤੇ ਤਰਫ਼ਦਾਰੀ ਉਨ੍ਹਾਂ ਦੀ ਜੋ ਤਖ਼ਤ ਲਈ ਇਕ ਦੂਜੇ ਨੂੰ ਜ਼ਹਿਰ ਦੇਣ ਲਈ ਤਿਆਰ ਹਨ।

ਜੁਨੈਦੀ : ਸਾਰੇ ਅਮੀਰਾਂ ਨੇ ਮਿਲ ਕੇ ਸ਼ਾਹਜ਼ਾਦਾ ਰੁਕਨ-ਉਦ-ਦੀਨ ਨੂੰ ਤਖ਼ਤ ਦਾ ਵਾਰਿਸ ਮੰਨਿਆ ਹੈ।

ਬਲਬਨ : ਪਰਗਨਿਆਂ ਦਾ ਲਾਲਚ ਦੇ ਕੇ ਉਨ੍ਹਾਂ ਨੂੰ ਖਰੀਦਿਆ ਗਿਆ ਹੈ।

ਕਬੀਰ-ਖ਼ਾਨਿ-ਅਯਾਜ਼ : ਕਿਉਂ ਤੁਹਮਤਾਂ ਲਾਉਂਦਾ ਏਂ। ਤੂੰ ਆਪ ਅਮੀਰਾਂ ਨੂੰ ਖ਼ਰੀਦਣ ਦੀ ਕੋਸ਼ਿਸ਼ ਕੀਤੀ, ਪਰ ਕੋਈ ਨਾ ਮੰਨਿਆ। ਸੁਲਤਾਨ ਨਾਲ ਰਿਸ਼ਤਾ ਜੋੜ ਕੇ ਤੂੰ ਇਸ ਤਖ਼ਤ ਉੱਤੇ ਕਬਜ਼ਾ ਕਰਨ ਦੇ ਸੁਪਨੇ ਲੈ ਰਿਹਾ ਏਂ।

ਬਲਬਨ : ਗ਼ੱਦਾਰ, ਮੇਰੀ ਨੀਅਤ ਉੱਤੇ ਸ਼ੱਕ!

ਜੁਨੈਦੀ : ਸੁਲਤਾਨ ਨੇ ਗ਼ੁਲਾਮ ਤੋਂ ਸਰਦਾਰ ਬਣਾਇਆ, ਪਰ ਤੈਥੋਂ ਇਹ ਰੁਤਬਾ ਹਜ਼ਮ ਨਹੀਂ ਹੋ ਸਕਿਆ।

ਬਲਬਨ : (ਹੱਥ ਤਲਵਾਰ ਤੇ) ਇਹ ਮਜਾਲ!

ਬਹਿਰਾਮ ਸ਼ਾਹ : ਖ਼ਬਰਦਾਰ ਜੇ ਅੱਗੇ ਵਧਿਆ!

(ਬਲਬਨ ਤੇ ਅਲਤੂਨੀਆਂ ਤਲਵਾਰਾਂ ਸੂਤ ਲੈਂਦੇ ਹਨ। ਬਹਿਰਾਮ ਸ਼ਾਹ ਤੇ ਕਬੀਰ-ਖ਼ਾਨਿ-ਅਯਾਜ਼ ਵੀ ਤਲਵਾਰਾਂ ਕਢ ਲੈਂਦੇ ਹਨ।)

ਬਲਬਨ : ਇਸ ਦਾ ਫ਼ੈਸਲਾ ਤਲਵਾਰ ਨਾਲ ਹੀ ਹੋਵੇਗਾ!

(ਤਲਵਾਰਾਂ ਚਮਕਦੀਆਂ ਹਨ। ਰਜ਼ੀਆ ਦਾਖ਼ਿਲ ਹੁੰਦੀ ਹੈ।)

ਰਜ਼ੀਆ : ਰੁਕੋ! ਇਹ ਤਲਵਾਰਾਂ ਦੁਸ਼ਮਨ ਦੇ ਸੀਨੇ ਵਿਚ ਖੁਭਣ ਲਈ ਹਨ, ਆਪਣਿਆਂ ਦਾ ਖ਼ੂਨ ਡੋਲ੍ਹਣ ਲਈ ਨਹੀਂ। ਹਟੋ!

(ਸਭ ਰੁਕ ਜਾਂਦੇ ਹਨ।)

ਜਿਸ ਸਲਤਨਤ ਨੂੰ ਅੱਬਾ ਨੇ ਆਪਣੇ ਲਹੂ ਨਾਲ ਸਿੰਜਿਆ, ਤੁਸੀਂ ਉਸ ਦੇ ਟੁਕੜੇ ਟੁਕੜੇ ਕਰ ਦੇਣਾ ਚਾਹੁੰਦੇ ਹੋ। ਜਿਸ ਏਕਤਾ ਦਾ ਸੁਪਨਾ ਉਨ੍ਹਾਂ ਨੇ ਦੇਖਿਆ, ਤੁਸੀਂ ਉਸ ਨੂੰ ਮੇਟਣ ਉੱਤੇ ਤੁਲੇ ਹੋਏ ਹੋ। ਖ਼ੂਨ ਦੀ ਥਾਂ ਤੁਹਾਨੂੰ ਹੰਝੂ ਕੇਰਨੇ ਚਾਹੀਦੇ ਹਨ।

ਸ਼ਾਹ ਤੁਰਕਾਨ : ਸਾਡੇ ਨਾਲੋਂ ਜ਼ਿਆਦਾ ਹੋਰ ਕੌਣ ਗ਼ਮਗੀਨ ਹੋਵੇਗਾ। ਅਸੀਂ ਇਸ ਗੱਲ ਦੀ ਕੋਸ਼ਿਸ਼ ਵਿਚ ਹਾਂ ਕਿ ਜੋ ਸਲਤਨਤ ਉਨ੍ਹਾਂ ਨੇ ਕਾਇਮ ਕੀਤੀ, ਉਸ ਦੀ ਹਿਫ਼ਾਜ਼ਤ ਕੀਤੀ ਜਾਵੇ।

ਜੁਨੈਦੀ : ਹਕੂਮਤ ਦੇ ਕੰਮ ਜ਼ਿਦ ਤੇ ਭਾਵਨਾਵਾਂ ਨਾਲ ਨਹੀਂ ਚਲਦੇ। ਸਾਨੂੰ ਕਾਨੂੰਨ ਤੇ ਅਮਨ ਕਾਇਮ ਰਖਣਾ ਹੋਵੇਗਾ। ਅਮੀਰਾਂ ਨੂੰ ਦੱਸਣਾ ਹੀ ਪਵੇਗਾ ਕਿ ਸੁਲਤਾਨ ਅਲਤਮਸ਼ ਦਾ ਜਾਨਸ਼ੀਨ ਕੌਣ ਹੈ। ਸ਼ਾਹੀ ਰਵਾਇਤ ਦੇ ਮੁਤਾਬਿਕ ਵੱਡਾ ਪੁੱਤ ਹੀ ਬਾਦਸ਼ਾਹਤ ਦੀ ਜ਼ਿੰਮੇਵਾਰੀ ਸੰਭਾਲ ਸਕਦਾ ਏ।

ਅਲਤੂਨੀਆਂ : ਜੋ ਉਸ ਵਿਚ ਲਿਆਕਤ ਹੋਵੇ। ਬਾਦਸ਼ਾਹਤ ਕਿਸੇ ਪੁੱਤ ਦੀ ਨਿੱਜੀ ਜਾਗੀਰ ਨਹੀਂ। ਸੁਲਤਾਨ ਨੇ ਅਮੀਰਾਂ ਦੇ ਸਾਹਮਣੇ ਸਾਫ਼ ਸਾਫ਼ ਐਲਾਨ ਕਰ ਦਿਤਾ ਸੀ ਕਿ ਉਨ੍ਹਾਂ ਦੇ ਪੁੱਤ ਬਾਦਸ਼ਾਹ ਬਣਨ ਦੇ ਕਾਬਿਲ ਨਹੀਂ। ਜੇ ਲਿਆਕਤ ਤੇ ਕਾਬਲੀਅਤ ਨਾਲ ਪਰਖਿਆ ਜਾਵੇ ਤਾਂ ਉਨ੍ਹਾਂ ਦੀ ਪੁੱਤਰੀ ਹੀ ਤਖ਼ਤ ਦੀ ਵਾਰਸ ਹੋਵੇਗੀ।

ਜੁਨੈਦੀ : ਉਹ ਵਕਤੀ ਫ਼ੈਸਲਾ ਸੀ। ਸਲਤਨਤ ਦੇ ਭਵਿੱਖ ਨੂੰ ਤੁਸੀਂ ਇਕ ਜਜ਼ਬਾਤੀ ਫ਼ੈਸਲੇ ਉੱਤੇ ਕੁਰਬਾਨ ਨਹੀਂ ਕਰ ਸਕਦੇ।

(ਜ਼ੈਨਬ ਤੇਜ਼ੀ ਨਾਲ ਆਉਂਦੀ ਹੈ ਤੇ ਰਜ਼ੀਆ ਨਾਲ ਲਿਪਟ ਜਾਂਦੀ ਹੈ।)

ਜ਼ੈਨਬ : ਅੱਬਾ ਇਸ ਜਹਾਨ ਤੋਂ... ... ...ਰੁਖ਼ਸਤ ਹੋ ਗਏ।

(ਫੁਟ ਪੈਂਦੀ ਹੈ।)

ਅਲਪਤਗੀਨ : (ਦਾਖ਼ਲ ਹੋ ਕੇ) ਅਬੁਲ ਮੁਜ਼ੱਫ਼ਰ ਸੁਲਤਾਨ ਸ਼ਮਸ-ਉਦ-ਦੀਨ ਅਲਤਮਸ਼ ਰਹਿਲਤ ਫ਼ਰਮਾ ਗਏ।

ਸਾਰੇ ਜਣੇ : ਇੰਨਾ ਲਿੱਲਾਹ ਵ ਇੰਨਾ ਇਲੈਹਿ ਰਜੇਊਨ।

(ਅਜ਼ਾਨ ਦੀ ਆਵਾਜ਼। ਸਾਰਿਆਂ ਦੇ ਸਿਰ ਝੁਕ ਜਾਂਦੇ ਹਨ। ਰਜ਼ੀਆ ਆਪਣੇ ਆਪ ਨੂੰ ਸੰਭਾਲਦੀ ਹੈ ਤੇ ਤੇਜ਼ੀ ਨਾਲ ਅੰਦਰ ਜਾਂਦੀ ਹੈ। ਉਸ ਦੇ ਪਿਛੇ ਜ਼ੈਨਬ, ਬਲਬਨ ਤੇ ਅਲਤੂਨੀਆਂ ਜਾਂਦੇ ਹਨ। ਥੋੜ੍ਹੇ ਚਿਰ ਪਿਛੋਂ ਮੁਹੱਜ਼ਬ-ਉਦ-ਦੀਨ ਸ਼ਮਸੀ ਤਲਵਾਰ ਫੜੀ ਦਾਖ਼ਿਲ ਹੁੰਦਾ ਹੈ। ਤਲਵਾਰ ਜੁਨੈਦੀ ਨੂੰ ਦਿੰਦਾ ਹੈ ਤੇ ਜੁਨੈਦੀ ਸ਼ੇਖ਼-ਉਲ-ਇਸਲਾਮ ਨੂੰ।)

ਸ਼ੇਖ਼-ਉਲ-ਇਸਲਾਮ : (ਰੁਕਨ-ਉਦ-ਦੀਨ ਫ਼ੀਰੋਜ਼ ਸ਼ਾਹ ਨੂੰ) ਹੁਣ ਸ਼ਮਸੀ ਤਲਵਾਰ ਦੇ ਰਾਖੇ ਆਪ ਹੋ।

(ਰੁਕਨ-ਉਦ-ਦੀਨ ਦੋਹਾਂ ਹੱਥਾਂ ਨਾਲ ਤਲਵਾਰ ਸਾਂਭ ਕੇ ਇਸ ਨੂੰ ਚੁੰਮਦਾ ਹੈ।)

(ਹਨੇਰਾ)

## ਸੀਨ ਪੰਜਵਾਂ

(ਮਹਿਲ ਦੇ ਬਾਂਹਰ ਲੋਕਾਂ ਦਾ ਇਕੱਠ)

ਇਕ ਆਦਮੀ : ਦਿੱਲੀ ਨੂੰ ਲੋਹੇ ਦੇ ਸੁਲਤਾਨ ਦੀ ਲੋੜ ਨਹੀਂ ਸੀ, ਸਗੋਂ ਅਜਿਹੇ ਸੁਲਤਾਨ ਦੀ ਜਿਸ ਦਾ ਦਿਲ ਮੋਮ ਵਰਗਾ ਹੋਵੇ। ਜੋ ਗ਼ਰੀਬਾਂ ਦੀ ਗੱਲ ਸੁਣ ਸਕੇ। ਦਰਿਆ ਦਿਲ, ਸਖ਼ੀ, ਮਿਹਰਬਾਨ।

ਦੂਜਾ : ਅੱਲਾਹ ਦਾ ਸ਼ੁਕਰ ਹੈ ਕਿ ਹੁਣ ਰੁਕਨ-ਉਦ-ਦੀਨ ਸਾਡਾ ਸੁਲਤਾਨ ਹੈ। (ਭੀੜ ਵਿਚੋਂ ਇਕ ਆਦਮੀ ਨੂੰ ਤਾੜ ਕੇ) ਕਿਉਂ ਓਏ, ਉਸ ਦਿਨ ਸ਼ਰਤ ਲਾ ਕੇ ਕਿਧਰ ਉੱਡ ਗਿਆ ਸੀ ? ਲਿਆ ਮੇਰੇ ਤਿੰਨ ਦੁੰਬੇ ਤੇ ਛੇ ਮੁਰਗੇ ਨਹੀਂ ਤਾਂ ਹੁਣੇ ਗਰਦਨ ਨੱਪਦਾ ਹਾਂ।

ਤੀਜਾ : ਦੇਖ ਭਈ ਸ਼ਰਤ ਦਾ ਅਸੂਲ ਹੈ ਕਿ ਇਕ ਵਾਰ ਜਿੱਤ ਕੇ ਦੌੜੀਦਾ ਨਹੀਂ।

ਮੈਂ ਦੂਣੀ ਸ਼ਰਤ ਲਾਉਂਨਾ ਕਿ ਰੁਕਨ-ਉਦ-ਦੀਨ ਪਿੱਛੋਂ ਰਜ਼ੀਆ ਤਖ਼ਤ ਤੇ ਬੈਠੇਗੀ। ਲੈ ਮਾਰ ਹੱਥ ਤੇ ਹੱਥ, ਫ਼ੀ ਦੂੰਬੇ ਤੇ ਚਾਰਾਂ ਮੁਰਗੀ।

ਦੂਜਾ : ਰਜ਼ੀਆ ਦਾ ਤਖ਼ਤ ਉੱਤੇ ਬੈਠਣ ਦਾ ਸੁਆਲ ਹੀ ਨਹੀਂ ਉਠਦਾ। ਹਰ ਅਮੀਰ ਉਸ ਦਾ ਦੁਸ਼ਮਣ ਹੈ।

ਚੌਥਾ : ਇਹ ਦੁਸ਼ਮਣੀ ਦੀ ਵਜ੍ਹਾ ?

ਦੂਜਾ : ਤੂੰ ਆਪ ਹੀ ਦਸ ਕਿ ਜੇ ਕੋਈ ਸੁਲਤਾਨ ਪੁੱਤਾਂ ਦੇ ਹੁੰਦੇ ਸੁੰਦੇ ਆਪਣੀ ਧੀ ਨੂੰ ਪਹਿਲ ਦੇਵੇ ਤਾਂ ਇਸ ਨੂੰ ਕੌਣ ਬਰਦਾਸ਼ਤ ਕਰੇ। ਉਹ ਫਿਰ ਧੋਖਾ ਦੇ ਕੇ ਦੌੜ ਗਿਆ।

ਪਹਿਲਾ : ਸੁਲਤਾਨ ਅਲਤਮਸ਼ ਦੇ ਡਰ ਤੋਂ ਲੋਕ ਗਲੀਆਂ ਵਿਚ ਨਮਾਜ਼ਾਂ ਪੜ੍ਹਦੇ ਫਿਰਦੇ ਸਨ। ਅੱਲਾਹ ਤੋਂ ਜ਼ਿਆਦਾ ਸੁਲਤਾਨ ਦਾ ਡਰ। ਮਜ਼੍ਹਬ ਦਾ ਸਹਾਰਾ ਲੈ ਕੇ ਉਨ੍ਹਾਂ ਨੇ ਆਪਣਿਆਂ ਦੇ ਸਿਰ ਲਾਹੇ। ਰਣਥੰਬੋਰ ਦੇ ਹਾਕਮ ਦੀ ਖੱਲ ਲਾਹ ਉਸ ਵਿਚ ਤੂੜੀ ਭਰਵਾਈ। ਤਖ਼ਤ ਦਾ ਦਾਅਵਾ ਕਰਨ ਵਾਲਿਆਂ ਨੂੰ ਇਕ ਇਕ ਕਰ ਕੇ ਕੋਹਿਆ। ਕੀ ਇਹੀ ਹੈ ਮਜ਼੍ਹਬ ? ਕੀ ਇਹੀ ਹੈ ਅੱਲਾਹ ਤਾਲਾ ਦਾ ਹੁਕਮ ? ਉਨ੍ਹਾਂ ਦੀ ਹਕੂਮਤ ਦੀ ਨੀਂਹ ਤਲਵਾਰ ਉੱਤੇ ਰੱਖੀ ਗਈ ਸੀ। ਪਰ ਸਾਡੇ ਨੌਜਵਾਨ ਸੁਲਤਾਨ ਦੀ ਹਕੂਮਤ ਦੀ ਨੀਂਹ ਨਾ ਤਲਵਾਰ ਉੱਤੇ ਹੈ ਨਾ ਮਜ਼੍ਹਬ ਉੱਤੇ। ਸਿਰਫ਼ ਇਨਸਾਨੀਅਤ ਉੱਤੇ।

ਪੰਜਵਾਂ : ਇਹ ਕੈਸੀ ਇਨਸਾਨੀਅਤ ਹੈ ਕਿ ਗ਼ਰੀਬਾਂ ਨੂੰ ਰੋਟੀ ਨਹੀਂ ਮਿਲਦੀ ਪਰ ਥਾਂ ਥਾਂ ਸ਼ਰਾਬ ਦੀਆਂ ਛਬੀਲਾਂ ਲੱਗੀਆਂ ਹੋਈਆਂ ਹਨ। ਮੇਰਠ ਤਕ ਤੇ ਕਲਾਲ ਤੇ ਰੰਡੀਆਂ ਬੁਲਾਈਆਂ ਗਈਆਂ ਹਨ। ਹੋਰ ਤਾਂ ਹੋਰ ਹਾਥੀਆਂ ਨੂੰ ਵੀ ਸ਼ਰਾਬ ਪਿਲਾਈ ਜਾਂਦੀ ਹੈ।

ਪਹਿਲਾ : ਫਿਰ ਤੈਨੂੰ ਕੀ ਤਕਲੀਫ਼ ਹੈ। ਦੋ ਦਿਨ ਦੀ ਜ਼ਿੰਦਗੀ ਹੈ, ਚੈਨ ਦਾ ਸਾਹ ਲੈ। ਸ਼ਰਾਬ ਪੀਓ, ਗਾਓ, ਨੱਚੋ ਤੇ ਰਿਸ਼ਵਤ ਲੈ ਕੇ ਅੱਲਾਹ ਦਾ ਸ਼ੁਕਰ ਕਰੋ।

ਪੰਜਵਾਂ : ਇਹ ਪੂਰਾ ਯੁਗ ਹੀ ਰਿਸ਼ਵਤ ਦਾ ਹੈ। ਇਸ ਨੂੰ ਕੋਈ ਰੋਕ ਨਹੀਂ ਸਕਦਾ। ਹਰ ਚੀਜ਼ ਦਾ ਖ਼ੁਫ਼ੀਆ ਵਪਾਰ ਹੁੰਦਾ ਹੈ। ਸੁਲਤਾਨ ਦੀ ਹਕੂਮਤ ਦੇ ਨਾਲ ਨਾਲ ਇਕ ਹੋਰ ਹਕੂਮਤ ਕਾਇਮ ਹੋ ਗਈ ਹੈ — ਝੂਠ ਦੀ ਹਕੂਮਤ, ਰਿਸ਼ਵਤ ਤੇ ਧੋਖੇ ਦੀ ਹਕੂਮਤ, ਖ਼ੁਸ਼ਾਮਦ ਤੇ ਝੋਲੀ ਚੁਕ ਦੀ ਹਕੂਮਤ।

ਮੌਲਵੀ : ਇਸ ਸ਼ਹਿਰ ਵਿਚ ਸੁਲਤਾਨ ਦੀ ਹਕੂਮਤ ਨਹੀਂ, ਸ਼ੈਤਾਨ ਦੀ ਹਕੂਮਤ ਹੈ। ਮੌਲਵੀਆਂ ਦੇ ਹੱਥ ਵਿਚ ਸ਼ਰਾਬ ਦੇ ਪਿਆਲੇ, ਤਸਬੀਹ ਦੀ ਥਾਂ ਕਿਸੇ ਹੁਸੀਨਾਂ ਦੀਆਂ ਜ਼ੁਲਫ਼ਾਂ, ਅਤੇ ਨਮਾਜ਼ ਦੇ ਮੁਸੱਲੇ ਨੂੰ ਜੁੱਤੀਆਂ ਸਾਫ਼ ਕਰਨ ਦਾ ਪਾਇਦਾਨ ਬਣਾ ਦਿਤਾ ਹੈ। ਅੱਲਾਹ ਬਚਾਏ ਅਜਿਹੇ ਸੁਲਤਾਨ ਤੋਂ!

ਰੰਡੀ : ਰੱਬ ਕਰੇ ਸੁਲਤਾਨ ਨੂੰ ਮੇਰੀ ਉਮਰ ਲੱਗ ਜਾਏ। ਜਦੋਂ ਦੇ ਤਖ਼ਤ ਉੱਤੇ ਬੈਠੇ ਹਨ ਸਾਡੇ ਨਸੀਬ ਜਾਗ ਉਠੇ।

(ਨਕੀਬ ਦੀ ਆਵਾਜ਼ ਸੁਣਾਈ ਦਿੰਦੀ ਹੈ।)

ਨਕੀਬ : ਬਾ-ਅਦਬ ਬਾ-ਮੁਲਾਹਿਜ਼ਾ ਹੋਸ਼ਿਆਰ! ਸੁਲਤਾਨਿ ਜਹਾਂ, ਨੂਰਿ-ਖ਼ਾਨਦਾਨਿ-ਸ਼ਮਸੀ, ਹਾਤਿਮ-ਸਾਨੀ, ਆਫ਼ਤਾਬਿ-ਸ਼ਰਕ, ਸੁਲਤਾਨ ਰੁਕਨ-ਉਦ-ਦੀਨ ਫ਼ੀਰੋਜ਼ਸ਼ਾਹ ਬਿਨ ਸੁਲਤਾਨ ਸ਼ਮਸ-ਉਦ-ਦੀਨ ਅਲਤਮਸ਼ ਤਸ਼ਰੀਫ਼ ਲਿਆ ਰਹੇ ਹਨ!

(ਦੁਬਾਰਾ ਆਵਾਜ਼ ਲਾਉਂਦਾ ਹੈ। ਰੁਕਨ-ਉਦ-ਦੀਨ ਸ਼ਾਹੀ ਜਲਾਲ

ਦੇ ਨਾਲ ਦਾਖ਼ਲ ਹੁੰਦਾ ਹੈ। ਨਿਜ਼ਾਮ-ਉਲ-ਮੁਲਕ ਜੁਨੈਦੀ, ਸ਼ੇਖ਼-ਉਲ-ਇਸਲਾਮ, ਮੁਹੱਜ਼ਬ-ਉਦ-ਦੀਨ, ਅਲਪਤਗੀਨ ਤੇ ਬਹਿਰਾਮ ਸ਼ਾਹ ਨਾਲ ਹਨ। ਤੁਰਕੀ ਕਨੀਜ਼ਾਂ, ਪਰਚਮ ਬਰਦਾਰ ਤੇ ਬਕਤਰਪੋਸ਼।)

ਲੋਕ : ਸੁਲਤਾਨ ਸਲਾਮਤ ਰਹਿਣ!

ਰੁਕਨ-ਉਦ-ਦੀਨ : ਸੁਲਤਾਨ ਆਮ ਲੋਕਾਂ ਤੋਂ ਵੱਖਰਾ ਹੁੰਦਾ ਹੈ। ਸਾਨੂੰ ਅੱਲਾਹ ਦੇ ਹਜ਼ੂਰ ਵਿਚ ਗਿੜਗਿੜਾਉਣ ਦੀ ਲੋੜ ਨਹੀਂ, ਨਾ ਪੰਜ ਵੇਲੇ ਨਮਾਜ਼ ਪੜ੍ਹਨ ਦੀ। ਗ਼ਰੀਬਾਂ ਨੂੰ ਖਾਣਾ ਖੁਆਉਣ ਤੇ ਖ਼ੈਰਾਤ ਦੇਣ ਨਾਲ ਰੋਜ਼ੇ ਨਮਾਜ਼ ਦਾ ਫ਼ਰਜ਼ ਪੂਰਾ ਹੋ ਜਾਂਦਾ ਹੈ। ਲੋਕ ਆਖਦੇ ਹਨ ਕਿ ਰੋਜ਼ਾ ਨਾ ਰਖਣ ਵਾਲਾ ਜੁਆਨੀ ਵਿਚ ਹੀ ਮਰ ਜਾਂਦਾ ਹੈ। ਝੂਠ! ਅਸੀਂ ਕਈ ਨੌਜਵਾਨਾਂ ਨੂੰ ਮਸਜਿਦ ਵਿਚ ਨਮਾਜ਼ ਪੜ੍ਹਦਿਆਂ ਮਰਦੇ ਦੇਖਿਆ। ਸਾਨੂੰ ਇਹ ਦੇਖ ਕੇ ਖ਼ੁਸ਼ੀ ਹੁੰਦੀ ਹੈ ਕਿ ਸ਼ਹਿਰ ਵਿਚ ਰੰਗ-ਰਲੀਆਂ ਮਨਾਈਆਂ ਜਾ ਰਹੀਆਂ ਹਨ। ਹਰ ਗਲੀ ਵਿਚ ਹਸੀਨਾਂ ਖੜੀਆਂ ਹਨ ਤੇ ਹਰ ਮਹਿਫ਼ਲ ਵਿਚ ਗ਼ਜ਼ਲ ਪੜ੍ਹਨ ਵਾਲੇ। ਕਿਸੇ ਸੁਲਤਾਨ ਦੀ ਵਡਿਆਈ ਇਸ ਵਿਚ ਨਹੀਂ ਕਿ ਉਹ ਕੁਤਬ-ਮੀਨਾਰ ਬਣਵਾ ਦੇਵੇ, ਮਸਜਿਦਾਂ ਤੇ ਦੌਲਤਖ਼ਾਨੇ ਉਸਾਰ ਦੇਵੇ ਤੇ ਲੋਕਾਂ ਦੇ ਦਿਲਾਂ ਵਿਚ ਦਹਿਸ਼ਤ ਫੈਲਾ ਦੇਵੇ। ਅਸੀਂ ਚਾਹੁੰਦੇ ਹਾਂ ਕਿ ਸਾਡੀ ਪਰਜਾ ਦੇ ਦਿਲ ਤੇ ਦਿਮਾਗ਼ ਨੱਚਣ ਤੇ ਗਾਉਣ ਨਾਲ ਰੌਸ਼ਨ ਹੋਣ ਤੇ ਉਨ੍ਹਾਂ ਦੇ ਮਨ ਉਤੇ ਕੋਈ ਬੋਝ ਨਾ ਹੋਵੇ। ਇਹੀ ਮਨੁੱਖ ਦੀ ਤਰੱਕੀ ਦਾ ਭੇਦ ਹੈ। ਅਸੀਂ ਤੁਹਾਡੇ ਲੋਕਾਂ ਦੇ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਸਵੇਰ ਦੇ ਇਥੇ ਖੜੇ ਸਾਨੂੰ ਉਡੀਕ ਰਹੇ ਹੋ। ਇਸ ਨਾਲ ਤੁਹਾਡੀ ਮੁਹੱਬਤ ਤੇ ਸ਼ਰਧਾ ਦਾ ਪਤਾ ਚਲਦਾ ਹੈ। ਅਸੀਂ ਇਸ ਦਾ ਇਨਾਮ ਦੇਵਾਂਗੇ। ਕੱਲ੍ਹ ਖ਼ਜ਼ਾਨੇ ਵਿਚੋਂ ਕਿੰਨੀ ਖ਼ੈਰਾਤ ਵੰਡੀ ਗਈ ?

ਜੁਨੈਦੀ : ਭੰਡਾਂ ਨੂੰ ਇਕ ਲੱਖ ਜੀਤਲ ਦਿਤੇ ਗਏ ਤੇ ਰੰਡੀਆਂ ਨੂੰ ਪੰਜ ਲੱਖ ਟੰਕੇ।

ਅਲਪਤਗੀਨ : ਹਜ਼ੂਰ ਦੀ ਦਰਿਆ ਦਿਲੀ ਦਾ ਚਰਚਾ ਹਰ ਮਹਿਫ਼ਲ ਵਿਚ ਹੈ। ਸੁਲਤਾਨ ਐਬਕ ਲੱਖਬਖ਼ਸ਼ ਸਨ, ਪਰ ਆਪ ਹਾਤਮਤਾਈ।

ਮੁਹੱਜ਼ਬ-ਉਦ-ਦੀਨ : ਸ਼ਹਿਰ ਦੇ ਚੌਧਰੀਆਂ ਨੇ ਨਜ਼ਰਾਂ ਪੇਸ਼ ਕੀਤੀਆਂ ਹਨ ਤੇ ਸ਼ਾਇਰਾਂ ਨੇ ਤੁਹਾਡੀ ਸ਼ਾਨ ਵਿਚ ਕਸੀਦੇ ਲਿਖੇ ਹਨ।

ਅਲਪਤਗੀਨ : ਤਾਜ-ਉਦ-ਦੀਨ ਰੇਜ਼ਾ ਦਾ ਕਸੀਦਾ ਬੇ-ਮਿਸਾਲ ਹੈ। ਉਨ੍ਹਾਂ ਨੇ ਹਜ਼ੂਰ ਨੂੰ ਯਮਨ ਦੇ ਹੀਰੇ ਨਾਲ ਤੁਲਨਾ ਦਿਤੀ ਹੈ। ਆਖਿਆ ਹੈ:
"ਦੁਰਸ਼ ਅਜ਼ ਯਮਨ ਚੂੰ ਰੁਕਨਿ ਯਮਾਨੀ।"

ਦਰਬਾਰੀ : (ਮਿਸਰਾ ਦੁਹਰਾ ਕੇ) ਵਾਹ ਵਾਹ!

ਇਕ ਦਰਬਾਰੀ : ਸੁਬਹਾਨ ਅੱਲਾਹ!

ਰੁਕਨ-ਉਦ-ਦੀਨ : ਉਸ ਨੂੰ ਤੋਸ਼ਾਖ਼ਾਨੇ ਤੋਂ ਸੁਨਹਿਰੀ ਖ਼ਿਲਅੱਤ ਦਿਤੀ ਜਾਵੇ ਤੇ ਦੋ ਹਜ਼ਾਰ ਟੰਕੇ।

ਮੁਹੱਜ਼ਬ-ਉਦ-ਦੀਨ : ਜੋ ਹੁਕਮ।

ਜੁਨੈਦੀ : ਤੁਹਾਡੀ ਕਿਰਪਾ ਨਾਲ ਕੁਤਬੀ ਖ਼ਜ਼ਾਨੇ ਖੁਲ੍ਹੇ ਹਨ। ਪਰ ਇਸ ਸਾਲ ਸੋਕੇ

ਦੇ ਕਾਰਨ ਲਗਾਨ ਘਟ ਵਸੂਲ ਹੋਇਆ ਹੈ। ਸ਼ਾਹੀ ਖ਼ਜ਼ਾਨਾ ਖ਼ਾਲੀ ਹੋ ਗਿਆ ਹੈ।

ਰੁਕਨ-ਉਦ-ਦੀਨ : ਸ਼ਾਹੀ ਖ਼ਜ਼ਾਨਾ ਕਦੇ ਖ਼ਾਲੀ ਨਹੀਂ ਹੋ ਸਕਦਾ। ਇਹ ਪਹਾੜੀ ਚਸ਼ਮੇ ਵਾਂਗ ਹੈ ਜਿਸ ਦਾ ਪਾਣੀ ਹਮੇਸ਼ਾ ਵਗਦਾ ਰਹਿੰਦਾ ਹੈ।

ਜੁਨੈਦੀ : ਪਰ ਹਜ਼ੂਰ —

ਰੁਕਨ-ਉਦ-ਦੀਨ : ਸਾਡਾ ਫ਼ਰਮਾਨ ਹੈ ਕਿ ਸਾਡੀ ਪਰਜਾ ਦਾ ਹਰ ਆਦਮੀ ਚਾਹੇ ਉਹ ਹਿੰਦੂ ਹੋਵੇ ਚਾਹੇ ਮੁਸਲਮਾਨ, ਬੁੱਢਾ ਹੋਵੇ ਜਾਂ ਜਵਾਨ, ਗਰੀਬ ਹੋਵੇ ਜਾਂ ਅਮੀਰ — ਸਾਰੇ ਜਣੇ ਸ਼ਾਹੀ ਖ਼ਜ਼ਾਨੇ ਵਿਚ ਸੋਨਾ ਚਾਂਦੀ ਜਮ੍ਹਾਂ ਕਰਾਉਣ।

ਜੁਨੈਦੀ : ਹੁਕਮ ਦੀ ਪਾਲਣਾ ਹੋਵੇਗੀ।

ਇਕ ਆਦਮੀ : ਦੇਖ ਲਈ ਸੁਲਤਾਨ ਦੀ ਦਰਿਆ-ਦਿਲੀ!

ਦੂਜਾ : ਆਏ ਸੀ ਨਮਾਜ਼ ਬਖ਼ਸ਼ਵਾਉਣ, ਰੋਜ਼ੇ ਗਲ ਪੈ ਗਏ।

ਰੁਕਨ-ਉਦ-ਦੀਨ : ਪਰ ਰੰਡੀਆਂ, ਭੰਡਾਂ ਤੇ ਮੌਲਵੀਆਂ ਨੂੰ ਅਸੀਂ ਮੁਆਫ਼ ਕਰਦੇ ਹਾਂ। ਉਨ੍ਹਾਂ ਨੂੰ ਕੁਝ ਦੇਣ ਦੀ ਲੋੜ ਨਹੀਂ।

ਸ਼ੈਖ਼-ਉਲ-ਇਸਲਾਮ : ਅੱਲਾਹ ਤਾਲਾ ਤੁਹਾਡੇ ਜਲਾਲ ਨੂੰ ਦੋਬਾਲਾ ਕਰੇ!

(ਤੁਰਕੀ ਕਨੀਜ਼ਾਂ ਸੁਰਾਹੀ ਫੜੀ ਦਾਖ਼ਿਲ ਹੁੰਦੀਆਂ ਹਨ। ਉਨ੍ਹਾਂ ਦੇ ਪਿੱਛੇ ਗ਼ੁਲਾਮ ਮੇਵਿਆਂ ਨਾਲ ਸਜੇ ਖ਼ਵਾਨ ਚੁਕੀ ਆਉਂਦੇ ਹਨ।)

ਰੁਕਨ-ਉਦ-ਦੀਨ : ਅਸੀਂ ਮੁਲਕ ਵਿਚ ਬਰਾਬਰੀ ਚਾਹੁੰਦੇ ਹਾਂ। ਇਕ ਕਤਾਰ ਵਿਚ ਖੜੇ ਹੋ ਕੇ ਇਕੱਠੇ ਨਮਾਜ਼ ਪੜ੍ਹਨਾ ਹੀ ਇਨਸਾਨੀ ਬਰਾਬਰੀ ਨਹੀਂ। ਸਾਡਾ ਫ਼ਰਮਾਨ ਹੈ ਕਿ ਸਭ ਲੋਕ ਸਾਡੇ ਰਾਗ ਰੰਗ ਵਿਚ ਸ਼ਾਮਲ ਹੋਣ।

(ਰੁਕਨ-ਉਦ-ਦੀਨ ਸੋਨੇ ਦੇ ਟੱਕੇ ਲੁਟਾਉਂਦਾ ਹੋਇਆ ਜਾਂਦਾ ਹੈ। ਦਰਬਾਰੀ,ਕਨੀਜ਼ਾਂ ਤੇ ਗ਼ੁਲਾਮ ਉਸ ਦੇ ਪਿੱਛੇ ਪਿੱਛੇ। ਲੋਕ ਸੋਨੇ ਦੇ ਟੰਕਿਆਂ ਉਤੇ ਟੁੱਟ ਪੈਂਦੇ ਹਨ। ਬਕਤਰਪੋਸ਼ ਉਨ੍ਹਾਂ ਨੂੰ ਕੋਰੜੇ ਮਾਰਦੇ ਹਨ।)

ਬਕਤਰਪੋਸ਼ : ਹਟੋ! ਜਾਓ!

ਇਕ ਮੰਗਤਾ : ਮੈਨੂੰ ਖ਼ੈਰਾਤ ਨਾਲ ਸਦਾ ਦੋ ਚਾਰ ਕੋਰੜੇ ਖਾਣੇ ਪਏ। ਪਿੱਠ ਉਤੇ ਲਾਸਾਂ ਪੈ ਗਈਆਂ।

ਤੀਵੀਂ : ਵੇ ਪਾਗਲਾ, ਪੰਜ ਸਤ ਕੋਰੜੇ ਖਾ ਕੇ ਜੇ ਸੋਨੇ ਦਾ ਟੰਕਾ ਮਿਲ ਜਾਏ ਤਾਂ ਸੌਦਾ ਮਹਿੰਗਾ ਨਹੀਂ।

(ਮਾਸ਼ਕੀ ਸ਼ਰਾਬ ਨਾਲ ਭਰੀ ਮਸ਼ਕ ਚੁਕੀ ਦਾਖ਼ਿਲ ਹੁੰਦਾ ਹੈ।)

ਮਾਸ਼ਕੀ : ਲਉ ਪੀਉ! ਮੈਂ ਲੋਕਾਂ ਦਾ ਸਾਕੀ ਹਾਂ। ਸ਼ਰਾਬ ਪੀਣ ਵਾਲਿਆਂ ਲਈ ਖ਼ੁਸ਼ਖ਼ਬਰੀ। ਲਉ ਪੀਉ! ਅੱਗ ਨਾਲੋਂ ਤੇਜ਼ ਹੈ ਇਹ ਲਾਲ ਪਰੀ। ਹਾਥੀ ਪੀਵੇ

ਤਾਂ ਲਡ਼ਕ ਜਾਵੇ। ਸੁਫ਼ੀ ਕੋਲ ਦੀ ਲੰਘ ਜਾਏ ਤਾਂ ਝੂਮ ਉਠੇ। ਲਓ ਪੀਓ ਤੇ ਸੁਲਤਾਨ ਦੀ ਸਖ਼ਾਵਤ ਦੇ ਗੁਣ ਗਾਓ।

(ਲੋਕ ਟੁੱਟ ਪੈਂਦੇ ਹਨ। ਦੁਕਾਨਦਾਰ, ਹੀਜੜੇ, ਰੰਡੀਆਂ ਓਕ ਲਾ ਕੇ ਪੀਂਦੇ ਹਨ, ਝਗੜਦੇ ਹਨ ਤੇ ਲੋਟ ਪੋਟ ਹੁੰਦੇ ਹਨ।)

ਹੀਜੜਾ : ਕੁਰਬਾਨ ਜਾਵਾਂ ਆਪਣੇ ਸ਼ਾਹ ਦੇ! ਇਕ ਘੁਟ ਨਾਲ ਮੇਰਾ ਕੀ ਬਣੇਗਾ।

ਰੰਡੀ : ਵੇ ਬਹਿਸ਼ਤੀਆ, ਮੇਰੇ ਹਿੱਸੇ ਦੀ ਇਸ ਅੱਲਾਹ ਮਾਰੇ ਨੂੰ ਪਿਆ ਦੇ।

ਦੁਕਾਨਦਾਰ : ਇਕ ਘੁਟ ਪੀਤੀ ਤੇ ਚੌਦਾਂ ਤਬਕ ਰੌਸ਼ਨ ਹੋ ਗਏ। ਸੱਤੇ ਪਰਦੇ ਖੁਲ੍ਹ ਗਏ। ਜੀ ਕਰਦਾ ਹੈ ਤੇਰੇ ਹੱਥ ਚੁੰਮ ਲਵਾਂ।

ਰੰਡੀ : ਊਈ, ਅੱਲਾਹ ਮਰੇ ਨੇ ਮੇਰਾ ਪੈਰ ਮਿੱਧ ਦਿਤਾ।

ਦੂਜਾ ਆਦਮੀ : ਮੈਨੂੰ ਵੀ ਇਕ ਘੁਟ ਪੀਣ ਦੇ।

ਰੰਡੀ : ਅੱਲਾਹ ਕਰੇ ਤੇਰਾ ਜਨਾਜ਼ਾ ਨਿਕਲੇ! ਤੇਰੀ ਕਬਰ ਬਣੇ!

ਦੁਕਾਨਦਾਰ : ਨਖ਼ਰਾ ਤਾਂ ਬਸ ਕਿਆਮਤ ਐ!

ਰੰਡੀ : ਲੁੱਚੇ ਲਫ਼ੰਗੇ ਵੀ ਇਥੇ ਇਕੱਠੇ ਹੋ ਗਏ। ਹਾਏ ਅੱਲਾਹ, ਕੋਈ ਸ਼ਰੀਫ਼ ਘਰ ਦੀ ਬਹੂ ਹੁਣ ਇਥੋਂ ਕਿਵੇਂ ਪੱਲਾ ਬਚਾ ਕੇ ਲੰਘੇ।

ਦੂਜਾ ਆਦਮੀ : ਓਏ ਸ਼ਰਮ ਨਹੀਂ ਆਉਂਦੀ ? ਤੀਵੀਂ ਸਮਝਕੇ ਹੱਥ ਪਾਉਣ ਲੱਗਾ ਐਂ ? ਹੱਟ ਇਕ ਪਾਸੇ!

(ਉਹ ਖ਼ੁਦ ਹੱਥ ਪਾ ਲੈਂਦਾ ਹੈ।)

ਮੌਲਵੀ : ਕਿਉਂ ਲੋਕਾਂ ਦਾ ਈਮਾਨ ਖ਼ਰਾਬ ਕਰਦਾ ਏਂ!

ਮਾਸ਼ਕੀ : ਸ਼ਾਹੀ ਹੁਕਮ ਦਾ ਬੱਝਾ ਹੋਇਆ ਹਾਂ। ਆਪਣਾ ਫ਼ਰਜ਼ ਨਿਭਾ ਰਿਹਾ ਹਾਂ। ਲਓ ਇਕ ਘੁਟ। ਤੁਸੀਂ ਵੀ ਦੇਖੋ ਆਬਿ-ਜ਼ਮਜ਼ਮ ਦੀ ਤਾਸੀਰ!

ਮੌਲਵੀ : ਕੀ ਬਕਦਾ ਏਂ। ਨਮਾਜ਼ ਪੜ੍ਹਣ ਜਾ ਰਿਹਾ ਹਾਂ। ਤੌਬਾ! ਤੌਬਾ!

ਮਾਸ਼ਕੀ : ਮੌਲਵੀ ਸਾਹਿਬ ਜੰਨਤ ਦੀਆਂ ਹੂਰਾਂ ਦਾ ਨਜ਼ਾਰਾ। ਇਸੇ ਜਹਾਨ ਵਿਚ ਬਹਿਸ਼ਤ ਦੀਆਂ ਨਦੀਆਂ ਦਾ ਸੁਆਦ।

ਮੌਲਵੀ : ਚਲੋ ਦੇਖ ਹੀ ਲਵਾਂ। ਇਕ ਘੁਟ ਵਿਚ ਕਿਹੜਾ ਈਮਾਨ ਖ਼ਰਾਬ ਹੁੰਦਾ ਹੈ।

(ਇਧਰ ਉਧਰ ਦੇਖ ਕੇ ਪੱਬਾਂ ਭਾਰ ਬੈਠ ਜਾਂਦਾ ਹੈ ਤੇ ਗ਼ਟਾ ਗ਼ਟ ਕਈ ਘੁਟ ਪੀ ਜਾਂਦਾ ਹੈ।)

ਹੁਣ ਜੇ ਪਿਆਉਣ ਲਗਾ ਏਂ ਤਾਂ ਚੰਗੀ ਤਰ੍ਹਾਂ ਪਿਲਾ। ਸਰਕਾਰੀ ਮਾਲ ਹੈ, ਕੰਜੂਸੀ ਕਿਉਂ ਕਰਦਾ ਹੈਂ ?

(ਉਹ ਗ਼ਟ ਹੋ ਕੇ ਉਠਦਾ ਹੈ ਤੇ ਆਪਣੀ ਬਾਂਹ ਨਾਲ ਮੁੱਛਾਂ ਪੂੰਝਦਾ ਹੈ।)

ਤੌਬਾ! ਹਲਕ ਤੋਂ ਸਿੱਧੀ ਗਿੱਟਿਆਂ ਤੱਕ ਉਤਰ ਗਈ। ਬੜੀ ਜ਼ਾਲਿਮ ਚੀਜ਼ ਹੈ। ਸ਼ੈਤਾਨ ਨੇ ਵਰਗ਼ਲਾ ਦਿਤਾ। ਹੇ ਪਰਵਰਦਗਾਰ, ਮਾਫ਼ ਕਰੀਂ!

(ਲੜਖੜਾਂਦਾ ਹੋਇਆ ਜਾਂਦਾ ਹੈ। ਉਸ ਦੇ ਪਿੱਛੇ ਖ਼ੁਸ਼ੀ ਨਾਲ ਚੀਕਾਂ ਮਾਰਦੇ ਲੋਕ ਤੇ ਰੰਡੀਆਂ।)

(ਹਨੇਰਾ)

## ਛੇਵਾਂ ਸੀਨ

(ਯਾਸਮੀਨ ਤੇ ਅੰਬਰ ਖਿੜਖਿੜਾ ਕੇ ਹੱਸ ਰਹੀਆਂ ਹਨ।)

ਯਾਸਮੀਨ : ਮੈਂ ਸ਼ਰਾਬ ਨਾਲ ਭਰਿਆ ਜਾਮ ਸੁਲਤਾਨ ਨੂੰ ਪੇਸ਼ ਕੀਤਾ ਤਾਂ ਮੇਰੀ ਵੀਣੀ ਫੜ ਲਈ। ਹਾਏ ਅੱਲਾਹ, ਹੁਣ ਤੀਕ ਝਰਨਾਟ ਛਿੜੀ ਹੋਈ ਹੈ। ਏਥੇ ਪੱਟੀ ਬੰਨ੍ਹ ਲਵਾਂ। ਜੀਅ ਕਰਦਾ ਹੈ ਕਿ ਝਰਨਾਟ ਛਿੜੀ ਰਹੇ। ਸ਼ਰਾਬ ਤੋਂ ਵਧੇਰੇ ਨਸ਼ਾ ਹੈ ਇਸ ਵਿਚ। (ਹੱਸਦੀ ਹੈ।)

ਅੰਬਰ : ਯਾਸਮੀਨ, ਤੂੰ ਆਪਣੀ ਔਕਾਤ ਭੁੱਲ ਰਹੀ ਏਂ। ਜੇ ਇਸ ਗੱਲ ਦਾ ਕਿਸੇ ਨੂੰ ਪਤਾ ਚਲ ਗਿਆ ਤਾਂ ਤੇਰੀ ਗਰਦਨ ਵੱਢੀ ਜਾਵੇਗੀ।

ਯਾਸਮੀਨ : ਮੇਰੀ ਪਿਆਰੀ ਅੰਬਰ, ਜਦੋਂ ਕੋਈ ਕਨੀਜ਼ ਹਰਮ ਵਿਚ ਦਾਖਲ ਹੁੰਦੀ ਹੈ ਤਾਂ ਸਿਰ ਉਤੇ ਕਫ਼ਨ ਬੰਨ੍ਹ ਕੇ ਆਉਂਦੀ ਹੈ। ਇਸ ਸਲਤਨਤ ਵਿਚ ਗ਼ੁਲਾਮ ਵਿਕਣ ਲਈ ਆਏ ਤੇ ਸੁਲਤਾਨ ਬਣ ਗਏ। ਕਨੀਜ਼ਾਂ ਆਈਆਂ ਤੇ ਬੇਗਮਾਂ ਬਣ ਗਈਆਂ।

ਅੰਬਰ : ਨਾਮੁਰਾਦੇ, ਕਿਉਂ ਬੋਲੀ ਜਾਨੀ ਏਂ!

ਯਾਸਮੀਨ : ਇਥੇ ਕੌਣ ਸੁਣਦਾ ਹੈ ? ਜੇ ਕਨੀਜ਼ ਵਿਚ ਹੁਸਨ ਤੇ ਦਮ ਹੋਵੇ ਤਾਂ ਉਹ ਮਲਿਕਾ ਵੀ ਬਣ ਸਕਦੀ ਹੈ। ਸ਼ਾਹ ਤੁਰਕਾਨ ਸਾਡੀ ਬਰਾਦਰੀ ਵਿਚੋਂ ਹੈ।

ਅੰਬਰ : ਢਾਈ ਦਿਨਾਂ ਦੀ ਬਾਦਸ਼ਾਹਤ। ਇਸ ਪਿੱਛੋਂ ਰਜ਼ੀਆ ਨੇ ਤਖ਼ਤ ਉਤੇ ਹੋਣਾ ਹੈ।

ਯਾਸਮੀਨ : ਹੋਸ਼ ਦੀ ਗੱਲ ਕਰ। ਰੁਕਨ-ਉਦ-ਦੀਨ ਜਵਾਨ ਹੈ। ਘਟ ਤੋਂ ਘਟ ਚਾਲ੍ਹੀ ਸਾਲ ਹਕੂਮਤ ਕਰੇਗਾ।

ਅੰਬਰ : ਨਿਰਾ ਵਹਿਮ। ਇਸ ਤਖ਼ਤ ਉਤੇ ਮਜ਼ਬੂਤ ਹੱਥ ਵਾਲਾ ਹੀ ਸੁਲਤਾਨ ਰਹਿ ਸਕਦਾ ਹੈ, ਇਹ ਨਹੀਂ। ਇਸ ਦੇ ਰਾਜ ਵਿਚ ਭੰਡ ਤੇ ਡੂਮ ਦਰਬਾਰ ਦਾ ਸ਼ਿੰਗਾਰ ਬਣੇ ਹੋਏ ਹਨ।

ਯਾਸਮੀਨ : ਸੁਲਤਾਨ ਅਲਤਮਸ਼ ਦੇ ਵੇਲੇ ਨੱਚਣਾ ਗਾਉਣਾ ਬੰਦ ਸੀ। ਕਨੀਜ਼ਾਂ ਮਹਿਲ ਦੀਆਂ ਕੰਧਾਂ ਨਾਲ ਸਿਰ ਮਾਰਦੀਆਂ ਸਨ। ਮਸਾਂ ਇਹ ਸੋਗ ਮੁਕਿਆ। ਹੁਣ ਸ਼ਰਾਬ ਤੇ ਨਾਚ ਦੀਆਂ ਮਹਿਫ਼ਲਾਂ ਗਰਮ ਨੇ। ਜ਼ਿੰਦਗੀ ਮੁੜ ਕੇ ਆ ਗਈ ਹੈ।

ਅੰਬਰ : ਇਹ ਸਿਲਸਿਲਾ ਬਹੁਤ ਚਿਰ ਨਹੀਂ ਰਹਿਣਾ।

ਯਾਸਮੀਨ : ਕੋਈ ਹਰਜ ਨਹੀਂ। ਜੇ ਰੁਕਨ-ਉਦ-ਦੀਨ ਨਾ ਰਿਹਾ ਤਾਂ ਉਸ ਦੀ ਥਾਂ ਬਹਿਰਾਮ ਸ਼ਾਹ ਹੋਵੇਗਾ। ਕਨੀਜ਼ਾਂ ਦੀ ਖ਼ੁਸ਼ਕਿਸਮਤੀ। ਜਦ ਕੋਈ ਵੱਡਾ ਆਦਮੀ ਕਰਦਾ ਹੈ ਤਾਂ ਛੋਟੇ ਆਦਮੀ ਨੂੰ ਫ਼ਾਇਦਾ ਹੁੰਦਾ ਹੈ। ਗੁੜ ਦੀ ਭੇਲੀ ਫੁਟਦੀ ਹੈ ਤਾਂ ਕੀੜੀਆਂ ਨੂੰ ਵੀ ਹਿੱਸਾ ਮਿਲਦਾ ਹੈ।

ਅੰਬਰ : ਤੂੰ ਸੁਲਤਾਨ ਦੀ ਚਹੇਤੀ ਬਣਨ ਦੇ ਸੁਫ਼ਨੇ ਲੈ ਰਹੀ ਹੈਂ। ਪਰ ਇਸ ਰਾਹ ਵਿਚ ਕੰਡੇ ਹਨ। ਸਭ ਤੋਂ ਜ਼ਹਿਰੀਲਾ ਕੰਡਾ ਸ਼ਾਹ ਤੁਰਕਾਨ ਹੈ। ਉਹਦੇ ਜ਼ੁਲਮ ਦੀ ਚੰਗਿਆੜੀ ਭੜਕੀ ਤਾਂ ਕਿਤੇ ਥਾਂ ਨਹੀਂ ਮਿਲਣੀ। ਤੀਵੀਂ ਦਾ ਜ਼ੁਲਮ ਮਰਦ ਦੇ ਜ਼ੁਲਮ ਨਾਲੋਂ ਵਧੇਰੇ ਭਿਆਨਕ ਹੁੰਦਾ ਹੈ।

ਯਾਸਮੀਨ : ਠੀਕ ਤਾਂ ਇਹ ਹੈ ਕਿ ਆਪਾਂ ਚੁੱਪ ਰਹੀਏ। ਉਹੀ ਕਨੀਜ਼ ਤਰੱਕੀ ਕਰਦੀ ਹੈ ਜੋ ਹਰ ਭੇਦ ਨੂੰ ਆਪਣੇ ਸੀਨੇ ਵਿਚ ਰੱਖ ਸਕੇ ਤੇ ਵੇਲਾ ਆਉਣ ਤੇ ਇਸ ਦੀ ਕੀਮਤ ਵਸੂਲ ਕਰ ਸਕੇ।

ਅੰਬਰ : ਚੁੱਪ! ਕੋਈ ਆ ਰਿਹਾ ਹੈ।

(ਸ਼ਾਹ ਤੁਰਕਾਨ ਤੇ ਜੁਨੈਦੀ ਦਾਖ਼ਿਲ ਹੁੰਦੇ ਹਨ। ਦੋਵੇਂ ਕਨੀਜ਼ਾਂ ਸਤਿਕਾਰ ਨਾਲ ਝੁਕ ਕੇ ਚਲੀਆਂ ਜਾਂਦੀਆਂ ਹਨ।)

ਸ਼ਾਹ ਤੁਰਕਾਨ : ਜਦੋਂ ਮੈਂ ਇਨ੍ਹਾਂ ਕਨੀਜ਼ਾਂ ਨੂੰ ਮਹਿਲ ਵਿਚ ਦੇਖਦੀ ਹਾਂ ਤਾਂ ਮੇਰਾ ਕਾਲਜਾ ਮੱਚਣ ਲਗਦਾ ਹੈ। ਸੁਲਤਾਨ ਇਸ ਜਹਾਨ ਤੋਂ ਚਲੇ ਗਏ, ਪਰ ਉਨ੍ਹਾਂ ਦੀਆਂ ਵਿਆਹੀਆਂ ਹੋਈਆਂ ਬੇਗਮਾਂ ਹੁਣ ਵੀ ਹੁਕਮ ਚਲਾਉਂਦੀਆਂ ਹਨ। ਮੇਰੀਆਂ ਸੌਕਣਾਂ। ਹੁਣ ਜਾਂ ਉਹ ਰਹਿਣਗੀਆਂ ਜਾਂ ਮੈਂ।

ਜੁਨੈਦੀ : ਤੁਹਾਡੇ ਹੁਕਮ ਅਨੁਸਾਰ ਉਨ੍ਹਾਂ ਦੇ ਵਜ਼ੀਫ਼ੇ ਬੰਦ ਕਰ ਦਿਤੇ ਗਏ। ਤਿੰਨ ਬੇਗਮਾਂ ਨੂੰ ਜ਼ਹਿਰ ਦੇ ਕੇ ਖੂਹ ਵਿਚ ਸੁਟਵਾ ਦਿਤਾ ਗਿਆ। ਦੋ ਕਨੀਜ਼ਾਂ ਨੇ ਗਲ ਫਾਹਾ ਲੈ ਲਿਆ। ਵਿਚਕਾਰਲੀ ਮਲਿਕਾ ਨੇ ਮੀਨਾਰ ਤੋਂ ਛਾਲ ਮਾਰ ਦਿੱਤੀ।

ਸ਼ਾਹ ਤੁਰਕਾਨ : ਇਹ ਸਾਰੀਆਂ ਮੇਰੇ ਉੱਤੇ ਹੱਸਦੀਆਂ ਸਨ। ਮੈਨੂੰ ਨੀਵੇਂ ਘਰ ਦੀ ਆਖਦੀਆਂ ਸਨ। ਚੁਣ ਚੁਣ ਕੇ ਬਦਲੇ ਲਵਾਂਗੀ। ਸਭਨਾਂ ਉੱਤੇ ਕਰੜੀ ਨਿਗਾਹ ਰਖੋ।

ਜੁਨੈਦੀ : ਹਰ ਥੰਮਲੇ ਪਿੱਛੇ ਖੁਫ਼ੀਆ ਮਹਿਕਮੇ ਦਾ ਆਦਮੀ ਖੜਾ ਹੈ। ਹਰ ਪਰਦੇ ਪਿੱਛੇ ਆਹਨਪੋਸ਼।

ਸ਼ਾਹ ਤੁਰਕਾਨ : ਇਸ ਵੇਲੇ ਕੁਝ ਅਮੀਰ ਬਾਗ਼ੀ ਹਨ। ਰਜ਼ੀਆ ਨਾਲ ਸਾਜ਼-ਬਾਜ਼ ਕਰ ਰਹੇ ਹਨ ਤੇ ਕੁਤਬ-ਉਦ-ਦੀਨ ਨੂੰ ਅੱਗੇ ਲਿਆਉਣਾ ਚਾਹੁੰਦੇ ਹਨ। ਵੱਡੀ ਮਲਿਕਾ ਦਾ ਪੁੱਤ ਹੋਣ ਦੇ ਨਾਤੇ ਉਹ ਸਿੱਧਾ ਤਖ਼ਤ ਦਾ ਦਾਅਵਾ ਕਰ ਸਕਦਾ ਹੈ।

ਜੁਨੈਦੀ : ਉਸ ਨੂੰ ਮਹਿਲ ਦੇ ਪਿਛਲੇ ਤਹਿਖ਼ਾਨੇ ਵਿਚ ਬੰਦ ਕਰ ਰਖਿਆ ਹੈ। ਜੇ ਚਿਰ ਲਾਇਆ ਤਾਂ ਮੁਆਮਲਾ ਵਿਗੜ ਜਾਏਗਾ।

ਸ਼ਾਹ ਤੁਰਕਾਨ : ਉਸ ਨੂੰ ਕਤਲ ਕਰਨ ਦਾ ਹੁਕਮਨਾਮਾ ਤਿਆਰ ਹੈ। ਸਿਰਫ਼ ਸ਼ਾਹੀ ਮੁਹਰ ਲਾਉਣੀ ਬਾਕੀ ਹੈ।

(ਰੁਕਨ-ਉਦ-ਦੀਨ ਦਾਖ਼ਿਲ ਹੁੰਦਾ ਹੈ।)

ਮੇਰੇ ਲਾਲ, ਦਿਨ ਰਾਤ ਮੈਂ ਇਸੇ ਫ਼ਿਕਰ ਵਿਚ ਰਹਿੰਦੀ ਹਾਂ ਕਿ ਤੇਰਾ ਤਾਜ ਕਾਇਮ ਰਹੇ।

ਰੁਕਨ-ਉਦ-ਦੀਨ : ਇਸ ਗੱਲ ਲਈ ਮੈਂ ਤੁਹਾਡਾ ਸ਼ੁਕਰਗੁਜ਼ਾਰ ਹਾਂ। ਪਰ ਤੁਸੀਂ ਦਰਬਾਰ ਦੇ ਹਰ ਕੰਮ ਵਿਚ ਦਖ਼ਲ ਦੇਂਦੇ ਹੋ। ਇਹ ਮੈਨੂੰ ਪਸੰਦ ਨਹੀਂ।

ਸ਼ਾਹ ਤੁਰਕਾਨ : ਵੈਰੀਆਂ ਨੇ ਤੇਰੇ ਵੀ ਕੰਨ ਭਰਨੇ ਸ਼ੁਰੂ ਕਰ ਦਿਤੇ ? ਝੋਲੀ ਚੁਕ, ਘਟੀਆ, ਕਮੀਨੇ ਦਰਬਾਰੀ। ਇਹੀ ਲੋਕ ਇਸ ਤਖ਼ਤ ਦੇ ਦੁਸ਼ਮਨ ਹਨ। ਜਿਨ੍ਹਾਂ ਨੂੰ ਤੂੰ ਸਲਾਹਕਾਰ ਸਮਝਦਾ ਹੈਂ, ਉਹੀ ਪਿੱਠ ਵਿਚ ਛੁਰਾ ਘੋਪਣ ਲਈ ਤਿਆਰ ਹਨ। ਇਸ ਵੇਲੇ ਸਭ ਤੋਂ ਵੱਡਾ ਖ਼ਤਰਾ ਕੁਤਬ-ਉਦ-ਦੀਨ ਹੈ।

ਰੁਕਨ-ਉਦ-ਦੀਨ : ਬਾਰਾਂ ਸਾਲ ਦਾ ਬੱਚਾ ਹੈ, ਉਸ ਤੋਂ ਕੀ ਖ਼ਤਰਾ ?

ਸ਼ਾਹ ਤੁਰਕਾਨ : ਸਪੋਲੀਏ ਨੂੰ ਫਣ ਚੁਕਣ ਤੋਂ ਪਹਿਲਾਂ ਹੀ ਕੁਚਲ ਦੇਣਾ ਚਾਹੀਦਾ ਹੈ। ਉਸ ਦੇ ਭੋਲੇਪਣ ਤੋਂ ਲੋਕ ਪ੍ਰਭਾਵਿਤ ਹਨ। ਪਰਜਾ ਵਿਚ ਹੁਣੇ ਤੋਂ ਉਸ ਨੂੰ ਸਲਾਹਿਆ ਜਾ ਰਿਹਾ ਹੈ।

ਜੁਨੈਦੀ : ਹਜ਼ੂਰ, ਉਸ ਨੂੰ ਫ਼ੌਰਨ ਖ਼ਤਮ ਕਰਨਾ ਚਾਹੀਦਾ ਹੈ।

ਸ਼ਾਹ ਤੁਰਕਾਨ : ਦੋ ਅਮੀਰਾਂ ਵਲ ਤਲਵਾਰ ਸੂਤ ਕੇ ਆਇਆ। ਮੈਂ ਉਸ ਨੂੰ ਕੈਦ ਕਰਵਾ ਰਖਿਆ ਹੈ। ਜਦ ਤੀਕਰ ਇਹ ਖ਼ਤਮ ਨਹੀਂ ਹੁੰਦਾ, ਸਦਾ ਸਿਰ ਉਤੇ ਤਲਵਾਰ ਲਟਕਦੀ ਰਹੇਗੀ।

ਰੁਕਨ-ਉਦ-ਦੀਨ : ਮੈਂ ਭਰਾ ਨੂੰ ਕਤਲ ਨਹੀਂ ਕਰ ਸਕਦਾ।

ਜੁਨੈਦੀ : ਹਜ਼ੂਰ ਮਹਿਲ ਨੂੰ ਚੁਫੇਰਿਓਂ ਖ਼ਤਰਾ ਹੈ। ਉਪਰੋਂ ਵਾਤਾਵਰਨ ਸ਼ਾਂਤ ਹੈ, ਪਰ ਅੰਦਰ ਲਾਵਾ ਪੱਕ ਰਿਹਾ ਹੈ। ਕਿਸੇ ਵੇਲੇ ਵੀ ਇਹ ਜਵਾਲਾ-ਮੁਖੀ ਫਟ ਸਕਦਾ ਹੈ।

ਰੁਕਨ-ਉਦ-ਦੀਨ : ਕਿਸੇ ਵਿਚ ਹਿੰਮਤ ਨਹੀਂ ਕਿ ਸਿਰ ਚੁਕੇ।

(ਬਕਤਰਪੋਸ਼ ਆਉਂਦਾ ਹੈ।)

ਬਕਤਰਪੋਸ਼ : ਹਜ਼ੂਰ, ਏਲਚੀ ਤੁਗ਼ਾ ਖ਼ਾਨ ਇਕ ਜ਼ਰੂਰੀ ਸੁਨੇਹਾ ਲੈ ਕੇ ਆਇਆ ਹੈ।

(ਤੁਗ਼ਾ ਖ਼ਾਨ ਆਉਂਦਾ ਹੈ ਅਤੇ ਕੋਰਨਿਸ਼ ਬਜਾ ਲਿਆਉਂਦਾ ਹੈ।)

ਰੁਕਨ-ਉਦ-ਦੀਨ : ਕੀ ਖ਼ਬਰ ਲਿਆਂਦੀ ?

ਤੁਗ਼ਾ ਖ਼ਾਨ : ਹਜ਼ੂਰ ਦਾ ਸੁਨੇਹਾ ਲੈ ਕੇ ਅਵਧ ਪਹੁੰਚਿਆ ਤਾਂ ਗਿਆਸੁ-ਉਦ-ਦੀਨ ਮੁਹੰਮਦ ਨੇ ਦੋ ਦਿਨ ਮੈਨੂੰ ਇੰਤਜ਼ਾਰ ਕਰਵਾਇਆ। ਜਦੋਂ ਮੈਂ ਉਨ੍ਹਾਂ ਦੇ ਸਾਹਮਣੇ ਪੇਸ਼ ਹੋਇਆ ਤਾਂ ਉਨ੍ਹਾਂ ਨੇ ਸੁਨੇਹਾ ਪਾੜ ਦਿਤਾ ਤੇ ਤੁਹਾਡੀ ਸ਼ਾਨ ਵਿਚ ਅਯੋਗ ਸ਼ਬਦ ਕਹੇ।

ਰੁਕਨ-ਉਦ-ਦੀਨ : ਬੋਲ।

ਤੁਗ਼ਾ ਖ਼ਾਨ : ਕਹਿਣ ਲੱਗਾ, "ਖ਼ਬਰਦਾਰ ਜੇ ਇਸ ਇਲਾਕੇ ਵਿਚ ਪੈਰ ਧਰਿਆ। ਉਸ ਸ਼ਰਾਬੀ ਨੂੰ ਆਖ ਦੇ ਕਿ ਲਖਨੌਤੀ ਤੋਂ ਮਹਿਸੂਲ ਦਾ ਇਕ ਟੰਕਾ ਵੀ ਨਹੀਂ ਮਿਲੇਗਾ।" ਤੇ ਮੈਨੂੰ ਬੇਇੱਜ਼ਤ ਕਰ ਕੇ ਦਰਬਾਰ ਵਿਚੋਂ ਕੱਢ ਦਿਤਾ।

ਰੁਕਨ-ਉਦ-ਦੀਨ : ਉਸ ਦੀ ਇਹ ਜੁਰਅੱਤ!

ਜੁਨੈਦੀ : ਤੁਸੀਂ ਉਸ ਨੂੰ ਅਵਧ ਦਾ ਹਾਕਮ ਮੁਕੱਰਰ ਕੀਤਾ। ਕੋਈ ਯਕੀਨ ਨਹੀਂ ਕਰੇਗਾ ਕਿ ਛੋਟਾ ਭਾਈ ਆਪਣੇ ਮਿਹਰਬਾਨ ਮਾਲਕ ਦੇ ਖ਼ਿਲਾਫ਼ ਉਠ ਖੜਾ ਹੋਵੇਗਾ।

ਰੁਕਨ-ਉਦ-ਦੀਨ : (ਤੁਗ਼ਾ ਖ਼ਾਨ ਨੂੰ) ਜਾ।

(ਤੁਗ਼ਾ ਖ਼ਾਨ ਜਾਂਦਾ ਹੈ।)

ਸ਼ਾਹ ਤੁਰਕਾਨ : ਏਸੇ ਤੋਂ ਸਬਕ ਸਿਖ। ਕੁਤਬ-ਉਦ-ਦੀਨ ਨੂੰ ਫ਼ੌਰਨ ਖ਼ਤਮ ਕਰਨਾ ਚਾਹੀਦਾ ਹੈ। ਲੈ ਇਸ ਫ਼ਰਮਾਨ ਉੱਤੇ ਸ਼ਾਹੀ ਮੁਹਰ ਲਾ ਕੇ ਮੇਰੇ ਹਵਾਲੇ ਕਰ।

ਰੁਕਨ-ਉਦ-ਦੀਨ : ਨਹੀਂ।

ਸ਼ਾਹ ਤੁਰਕਾਨ : ਤੇਰੀ ਸੋਚ ਸ਼ਕਤੀ ਸੁੰਨ ਹੋ ਗਈ ਹੈ। ਤੂੰ ਖ਼ੁਦ ਆਪਣਾ ਦੁਸ਼ਮਨ ਹੈਂ। ਲਿਆ, ਇਸ ਉੱਤੇ ਮੈਂ ਸ਼ਾਹੀ ਮੁਹਰ ਲਾਉਂਦੀ ਹਾਂ।

ਰੁਕਨ-ਉਦ-ਦੀਨ : ਤਾਕਤ ਦੀ ਲਾਲਸਾ ਵਿਚ ਤੂੰ ਅੰਨ੍ਹੀ ਹੋ ਗਈ ਹੈਂ!

ਸ਼ਾਹ ਤੁਰਕਾਨ : ਇਹ ਤਾਕਤ ਤੈਨੂੰ ਕਿਸ ਨੇ ਦਿਤੀ ? ਮੈਂ! ਤੂੰ ਸ਼ਰਾਬ ਦੇ ਪਿਆਲੇ ਵਿਚ ਗ਼ਰਕ ਸੈਂ। ਮੈਂ ਨਾ ਹੁੰਦੀ ਤਾਂ ਕੀੜਿਆਂ ਮਕੌੜਿਆਂ ਵਾਂਗ ਮਾਰਿਆ ਜਾਂਦਾ। ਮੈਂ ਤੈਨੂੰ ਬਚਾ ਲਿਆ। ਮੈਂ ਤੇਰੀ ਮਾਂ ਹਾਂ। ਤੇਰੀ ਖ਼ੈਰ ਮੰਗਣ ਵਾਲੀ। ਕੁਤਬ-ਉਦ-ਦੀਨ ਦੇ ਜੀਊਂਦੇ ਰਹਿਣ ਨਾਲ ਤੇਰੀ ਜਾਨ ਖ਼ਤਰੇ ਵਿਚ ਹੈ।

ਰੁਕਨ-ਉਦ-ਦੀਨ : ਉਹ ਬੇਗੁਨਾਹ ਹੈ।

ਸ਼ਾਹ ਤੁਰਕਾਨ : ਉਹ ਤੇਰਾ ਭਾਈ ਹੈ — ਇਸ ਤਖ਼ਤ ਦਾ ਸਿੱਧਾ ਵਾਰਿਸ। ਇਹੀ ਉਸ ਦਾ ਗੁਨਾਹ ਹੈ। ਮੈਂ ਇਸ ਮਹਿਲ ਵਿਚ ਸਿਰਫ਼ ਤਲਵਾਰ ਦੀ ਹਕੂਮਤ ਦੇਖੀ ਹੈ। ਜਦ ਤੇਰਾ ਬਾਪ ਤਖ਼ਤ ਉੱਤੇ ਬੈਠਿਆ ਤਾਂ ਹਰ ਅਮੀਰ ਉਸ ਦਾ ਦੁਸ਼ਮਨ ਸੀ, ਹਰ ਰਿਸ਼ਤੇਦਾਰ ਉਸ ਦੇ ਖ਼ੂਨ ਦਾ ਪਿਆਸਾ। ਉਸ ਦੇ ਤਿੰਨੇ ਸਾਂਢੂ ਉਸ ਨੂੰ ਮਾਰ ਘੱਤਣਾ ਚਾਹੁੰਦੇ ਸਨ। ਚਾਰੇ ਭੈਣਾਂ ਇਕ ਦੂਜੀ ਦੀਆਂ ਸੌਂਕਣਾਂ ਬਣ ਗਈਆਂ। ਤਲਵਾਰ ਨੇ ਹੀ ਇਸ ਤਖ਼ਤ ਦੀ ਰੱਖਿਆ ਕੀਤੀ। ਹਕੂਮਤ ਦਾ ਅਸੂਲ ਹੈ ਕਿ ਸਭ ਤੋਂ ਪਹਿਲਾ ਆਪਣੇ ਨਜ਼ਦੀਕੀ ਰਿਸ਼ਤੇਦਾਰ ਨੂੰ ਖ਼ਤਮ ਕਰੋ ਨਹੀਂ ਤਾਂ ਉਹ ਤੁਹਾਨੂੰ ਖ਼ਤਮ ਕਰ ਦੇਵੇਗਾ। ਤਖ਼ਤ ਉੱਤੇ ਬੈਠਣਾ ਹੀ ਕਾਫ਼ੀ ਨਹੀਂ, ਇਸ ਦੀ ਰੱਖਿਆ ਦੀ ਵੀ ਲੋੜ ਹੈ। ਲਿਆ ਮੁਹਰ ਮੈਨੂੰ ਦੇ।

ਰੁਕਨ-ਉਦ-ਦੀਨ : ਤੂੰ ਇਸ ਸ਼ਾਹੀ ਮੁਹਰ ਨੂੰ ਖ਼ੂਨ ਦੀ ਮੁਹਰ ਬਣਾ ਦਿਤਾ ਹੈ। ਮਹਿਲ ਦੇ ਤਹਿਖ਼ਾਨੇ ਵਿਚੋਂ ਹਉਕੇ ਸੁਣਾਈ ਦਿੰਦੇ ਹਨ, ਤੀਵੀਆਂ ਦੇ ਵੈਣ, ਜਿਨ੍ਹਾਂ ਨੂੰ ਤੂੰ ਮੇਰਾ ਨਾਂ ਲੈ ਕੇ ਕਤਲ ਕੀਤਾ। ਮੈਂ ਰਾਤ ਨੂੰ ਸੌਂ ਨਹੀਂ ਸਕਦਾ।

ਸ਼ਾਹ ਤੁਰਕਾਨ : ਤੂੰ ਬੁਜ਼ਦਿਲ ਹੈਂ। ਕਿਥੇ ਗਿਆ ਤੇਰਾ ਅਲਬਰੀ ਖ਼ੂਨ ? ਤੂੰ ਮੇਰਾ ਦੁੱਧ ਨਹੀਂ ਪੀਤਾ, ਕਿਸੇ ਬਦਕਾਰ ਕਨੀਜ਼ ਦਾ ਦੁੱਧ ਪੀਤਾ ਹੈ!

ਰੁਕਨ-ਉਦ-ਦੀਨ : ਤੂੰ ਜਿਥੇ ਪੈਰ ਰਖਦੀ ਹੈਂ ਉਥੇ ਬਗ਼ਾਵਤ ਤੇ ਨਫ਼ਰਤ ਦੀ ਅੱਗ ਭੜਕ ਉਠਦੀ ਹੈ।

ਸ਼ਾਹ
ਤੁਰਕਾਨ : ਮੇਰੇ ਲਾਲ, ਮੇਰੇ ਬੱਚੇ, ਤੇਰੀ ਮਾਂ ਇਹ ਸਭ ਕੁਝ ਤੇਰੀ ਭਲਾਈ ਖ਼ਾਤਰ ਕਰ ਰਹੀ ਹੈ। ਲਿਆ, ਮੁਹਰ ਮੈਨੂੰ ਦੇ। ਜੇ ਇਹ ਪਾਪ ਹੈ ਤਾਂ ਮੇਰੇ ਸਿਰ ਰਹੇ। ਲਿਆ।

(ਰੁਕਨ-ਉਦ-ਦੀਨ ਦਾ ਹੱਥ ਫੜਦੀ ਹੈ ਤੇ ਜੁਨੈਦੀ ਦੀ ਮਦਦ ਨਾਲ ਹੁਕਮਨਾਮੇ ਉਤੇ ਮੁਹਰ ਲਾਉਂਦੀ ਹੈ।)

ਰੁਕਨ-ਉਦ-
ਦੀਨ : ਨਹੀਂ! ਨਹੀਂ!

(ਆਹਨਪੋਸ਼ ਨੇਜ਼ੇ ਤਾਣੀ ਖੜੇ ਹਨ ਤੇ ਰੁਕਨ-ਉਦ-ਦੀਨ ਆਪਣੇ ਆਪ ਨੂੰ ਘਿਰਿਆ ਮਹਿਸੂਸ ਕਰਦਾ ਹੈ। ਉਹ ਡਰ ਨਾਲ ਸਹਿਮਿਆਂ ਸਿਰ ਫੜੀ ਲੜਖੜਾਉਂਦਾ ਹੋਇਆ ਅੰਦਰ ਜਾਂਦਾ ਹੈ।)

ਸ਼ਾਹ
ਤੁਰਕਾਨ : ਉਸ ਹਰਾਮੀ ਔਲਾਦ ਨੂੰ ਇਥੇ ਲਿਆਉ। ਛੇਤੀ! ਮੈਂ ਉਸ ਨੂੰ ਖ਼ਤਮ ਕਰਨਾ ਚਾਹੁੰਦੀ ਹਾਂ। ਤਦੇ ਮੇਰੇ ਕਾਲਜੇ ਠੰਢ ਪਏਗੀ।

(ਦੋ ਆਹਨਪੋਸ਼ ਕੁਤਬ-ਉਦ-ਦੀਨ ਨੂੰ ਲਿਆਉਂਦੇ ਹਨ।)

ਕੁਤਬ-ਉਦ-
ਦੀਨ : ਰਹਿਮ! ਅੰਮੀ ਜਾਨ, ਮੈਂ ਬੇਗੁਨਾਹ ਹਾਂ!

ਸ਼ਾਹ
ਤੁਰਕਾਨ : ਤੂੰ ਗੁਨਾਹਾਂ ਦਾ ਪੁਲੰਦਾ ਹੈਂ। ਤੇਰੇ ਅੰਦਰ ਸੁਲਤਾਨ ਦਾ ਖ਼ੂਨ ਨਹੀਂ, ਤੇਰੀ ਮਾਂ ਦਾ ਜ਼ਹਿਰ ਭਰਿਆ ਹੋਇਆ ਹੈ। ਨੀਚ ਕੁੱਤੇ, ਤੇਰੀ ਇਹ ਹਿੰਮਤ ਕਿ ਅਮੀਰਾਂ ਵਲ ਤਲਵਾਰ ਸੂਤ ਕੇ ਆਵੇਂ ?

ਕੁਤਬ-ਉਦ-
ਦੀਨ : ਇਹ ਝੂਠ ਹੈ। ਤੁਹਾਨੂੰ ਕਿਸੇ ਨੇ ਮੇਰੇ ਖ਼ਿਲਾਫ਼ ਵਰਗਲਾਅ ਦਿਤਾ ਹੈ। ਮੈਂ ਹਮੇਸ਼ਾ ਤੁਹਾਡਾ ਹੁਕਮ ਮੰਨਿਆ। ਅੰਮੀ ਜਾਨ!

ਸ਼ਾਹ
ਤੁਰਕਾਨ : ਖ਼ਬਰਦਾਰ ਜੋ ਮੈਨੂੰ ਮਾਂ ਆਖਿਆ! ਤੇਰੀਆਂ ਅੱਖਾਂ ਵਿਚ ਬਲਦੀ ਹੋਈ ਸਲਾਈ ਫੇਰ ਕੇ ਹੁਣੇ ਤੈਨੂੰ ਅੰਨ੍ਹਾਂ ਕਰਦੀ ਹਾਂ।

(ਜੱਲਾਦ ਬਲਦੀ ਹੋਈ ਸਲਾਈ ਦਿੰਦਾ ਹੈ। ਸ਼ਾਹ ਤਰਕਾਨ ਸੂਹੀ ਸਲਾਈ ਲੈ ਕੇ ਕੁਤਬ-ਉਦ-ਦੀਨ ਵੱਲ ਵਧਦੀ ਹੈ। ਉਹ ਮਿੰਨਤਾਂ ਕਰਦਾ ਹੈ। ਤੁਰਕਾਨ ਉਸ ਉਤੇ ਹਾਵੀ ਹੋ ਜਾਂਦੀ ਹੈ। ਦੋ ਆਹਨਪੋਸ਼ ਤੇ ਜੱਲਾਦ ਕੁਤਬ-ਉਦ-ਦੀਨ ਨੂੰ ਫੜ ਕੇ ਲਿਟਾ ਦੇਂਦੇ ਹਨ ਤੇ ਤੁਰਕਾਨ ਉਸ ਦੀਆਂ ਅੱਖਾਂ ਵਿਚ ਸਿਲਾਈ ਫੇਰ ਦਿੰਦੀ ਹੈ। ਕੁਤਬ-ਉਦ-ਦੀਨ ਤਕਲੀਫ਼ ਨਾਲ ਚੰਘਿਆੜਦਾ ਹੈ ਤੇ ਤੜਫ਼ਦਾ ਹੈ।)

ਲੈ ਜਾਉ ਇਸਨੂੰ ਮਹਿਲ ਦੇ ਤਹਿਖ਼ਾਨੇ ਵਿਚ ਤੇ ਕਤਲ ਕਰ ਦਿਉ।

(ਆਹਨਪੋਸ਼ ਕੁਤਬ-ਉਦ-ਦੀਨ ਨੂੰ ਘਸੀਟਦੇ ਹੋਏ ਲੈ ਜਾਂਦੇ ਹਨ। ਮੁਹੱਜ਼ਬ-ਉਦ-ਦੀਨ ਦਾਖ਼ਿਲ ਹੁੰਦਾ ਹੈ।)

ਮੁਹੱਜ਼ਬ-ਉਦ-
ਦੀਨ : ਇਹ ਸਭ ਕੀ ਹੋ ਰਿਹਾ ਹੈ ? ਆਖ਼ਿਰ ਇਸ ਜ਼ੁਲਮ ਦਾ ਕੋਈ ਅੰਤ ਹੋਵੇਗਾ। ਇਸ ਦਰਬਾਰ ਦਾ ਹਰ ਆਦਮੀ ਦਹਿਸ਼ਤ ਵਿਚ ਹੈ ਕਿ ਤੁਹਾਡੇ ਜ਼ੁਲਮ ਦਾ ਨਿਸ਼ਾਨਾ ਨਾ ਬਣ ਜਾਵੇ।

ਸ਼ਾਹ
ਤੁਰਕਾਨ : ਗ਼ੱਦਾਰ ਨੂੰ ਆਪਣੇ ਕੀਤੇ ਦੀ ਸਜ਼ਾ ਭੁਗਤਣੀ ਪੈਣੀ ਹੈ। ਉਸ ਨੂੰ ਸਿਰਫ਼ ਤਾਕਤ ਤੇ ਬੇਰਹਿਮੀ ਨਾਲ ਕੁਚਲਿਆ ਜਾ ਸਕਦਾ ਹੈ।

ਮੁਹੱਜ਼ਬ-ਉਦ-
ਦੀਨ : ਤੁਸੀਂ ਮਾਸੂਮ ਤੇ ਬੇਗੁਨਾਹਾਂ ਨੂੰ ਕਤਲ ਕਰ ਰਹੇ ਹੋ। ਇਹ ਮਹਿਲ ਖ਼ੂਨ ਵਿਚ ਲਿਬੜਿਆ ਹੋਇਆ ਹੈ। ਇਥੋਂ ਦੇ ਮਾਹੌਲ ਵਿਚੋਂ ਮੌਤ ਦੀ ਬੂ ਆਉਂਦੀ ਹੈ। ਤੁਹਾਨੂੰ ਇਹ ਕਤਲਿ-ਆਮ ਬੰਦ ਕਰਨਾ ਹੋਵੇਗਾ। ਲੋਕ ਤੰਗ ਆ ਚੁਕੇ ਹਨ। ਜ਼ਰਾ ਜਿਹਾ ਮੌਕਾ ਮਿਲਿਆ ਤਾਂ ਰਜ਼ੀਆ ਵੱਲ ਝੁਕ ਜਾਣਗੀ।

ਸ਼ਾਹ
ਤੁਰਕਾਨ : ਏਥੋਂ ਚਲੇ ਜਾਓ। ਅਸੀਂ ਕੁਝ ਸੁਣਨ ਨੂੰ ਤਿਆਰ ਨਹੀਂ।

ਮੁਹੱਜ਼ਬ-ਉਦ-
ਦੀਨ : ਮੈਂ ਤੁਹਾਨੂੰ ਚੇਤਾਵਨੀ ਦੇ ਰਿਹਾ ਹਾਂ। ਇਸ ਮਾਸੂਮ ਬੱਚੇ ਦਾ ਖ਼ੂਨ ਕਰ ਕੇ ਤੁਸੀਂ ਤਬਾਹੀ ਨੂੰ ਸੱਦਾ ਦੇ ਰਹੇ ਹੋ। ਮੈਂ ਲੋਕਾਂ ਦੇ ਭਾਵ ਸਮਝਦਾ ਹਾਂ। ਜੇ ਕੁਝ ਭਾਣਾ ਵਰਤ ਗਿਆ ਤਾਂ ਮੈਂ ਜ਼ੁੰਮੇਵਾਰ ਨਹੀਂ ਹੋਵਾਂਗਾ। ਇਸ ਮਾਸੂਮ ਦੀਆਂ ਚੀਖ਼ਾਂ ਇਸ ਮਹਿਲ ਵਿਚ ਹਜ਼ਾਰਾਂ ਸਾਲ ਗੂੰਜਣਗੀਆਂ। ਤੁਹਾਡੇ ਜ਼ੁਲਮ ਕਾਰਨ ਸਾਡੇ ਸਾਰਿਆਂ ਉੱਤੇ ਬਿਪਤਾ ਆ ਪਵੇਗੀ, ਤੇ ਇਤਨੀ ਛੇਤੀ ਕਿ ਸਾਨੂੰ ਪਛਤਾਉਣ ਦਾ ਮੌਕਾ ਵੀ ਨਹੀਂ ਮਿਲੇਗਾ।

ਸ਼ਾਹ
ਤੁਰਕਾਨ : ਕਿਸ ਗੱਲ ਦਾ ਪਛਤਾਵਾ ? ਇਸ ਦਾ ਕਿ ਮੈਂ ਆਪਣੇ ਪੁੱਤ ਦੀ ਰੱਖਿਆ ਕੀਤੀ ?

ਮਹੱਜ਼ਬ-ਉਦ-
ਦੀਨ : (ਜੁਨੈਦੀ ਨੂੰ) ਨਿਜ਼ਾਮ-ਉਲ-ਮੁਲਕ, ਇਹ ਹਕੂਮਤ ਨਹੀਂ ਕਤਲਗਾਹ ਹੈ। ਤੂੰ ਵੀ ਖ਼ੂਨ ਦੇ ਦਰਿਆ ਵਿਚ ਡੁੱਬਦਾ ਜਾ ਰਿਹਾ ਹੈਂ।

ਜੁਨੈਦੀ : ਤੂੰ ਹਕੂਮਤ ਨੂੰ ਕੀ ਸਮਝਦਾ ਏਂ ? ਭਜਨ ਬੰਦਗੀ ? ਪਾਕ ਇਬਾਦਤ ? ਕੀ ਅੱਲਾਹ ਦੇ ਹਜ਼ੂਰ ਵਿਚ ਗਿੜਗਿੜਾ ਕੇ ਅਸੀਂ ਦੁਸ਼ਮਣਾਂ ਦੇ ਦਿਲ ਜਿੱਤ ਸਕਦੇ ਹਾਂ ? ਉਨ੍ਹਾਂ ਦੀ ਨੀਅਤ ਬਦਲ ਸਕਦੇ ਹਾਂ ? ਜਾਂ ਅਮੀਰਾਂ ਦੇ ਖ਼ੂਨ ਵਿਚ ਲੁਕੀ ਗ਼ੱਦਾਰੀ ਨੂੰ ਮੇਟ ਸਕਦੇ ਹਾਂ ? ਕੀ ਅਸੀਂ ਮਸਜਿਦਾਂ ਵਿਚ ਸਿਆਸੀ ਮਹਿਫ਼ਲਾਂ ਜਮਾਈਏ ਤੇ ਰੱਬ ਤੋਂ ਇਹ ਉਮੀਦ ਰਖੀਏ ਕਿ ਉਹ ਸਾਨੂੰ ਦੁਸ਼ਮਣਾਂ ਤੋਂ ਬਚਾਵੇਗਾ ? ਨਿਰਾ ਧਰਮ ਤੇਜ਼ ਤਲਵਾਰ ਦਾ ਮੁਕਾਬਲਾ ਨਹੀਂ ਕਰ ਸਕਦਾ। ਜੇ ਇਹ ਗੱਲ ਹੁੰਦੀ ਤਾਂ ਸ਼ਾਹੀ ਤਖ਼ਤ ਉੱਤੇ ਮੌਲਵੀ ਬੈਠ ਕੇ ਪਰਚਾਰ ਕਰਦੇ। ਮੇਰਾ ਈਮਾਨ ਮੇਰੇ ਦਿਲ ਵਿਚ ਰੌਸ਼ਨ ਹੈ। ਮੇਰੀ ਤੁਛ ਜੀਭ ਅੱਲਾਹ ਤਾਲਾ ਦਾ ਫ਼ਰਮਾਨ ਦੁਹਰਾਉਂਦੀ ਹੈ, ਪਰ ਮੇਰੇ ਹੱਥ ਵਿਚ ਤਲਵਾਰ ਹੈ — ਮਜ਼ਬੂਤ, ਬੇਫ਼ਿਕਰ, ਬੇਖ਼ਤਰ — ਕਿਉਂਕਿ ਇਹ ਤਲਵਾਰ ਇਨਸਾਫ਼ ਦੀ ਨਿਸ਼ਾਨੀ ਹੈ। ਇਸ ਦੀ ਚਮਕ ਵਿਚ ਖ਼ੁਦਾ ਦਾ ਕਹਿਰ ਹੈ। ਮੈਂ ਇਸ ਅਹਿਸਾਨ-ਫ਼ਰਾਮੋਸ਼ ਮੁਲਕ ਦੀ ਖ਼ਿਦਮਤ ਕੀਤੀ, ਇਸ ਸ਼ਮਸੀ ਸਲਤਨਤ ਦੀ। ਪਰ ਹੁਣ ਇਸ ਦੇ ਨਿਕੰਮੇ ਜਾਨਸ਼ੀਨ ਸ਼ਰਾਬ ਵਿਚ ਡੁੱਬ ਕੇ ਕਨੀਜ਼ਾਂ ਦੀਆਂ ਗੋਦੀਆਂ ਵਿਚ ਮਦਹੋਸ਼ ਪਏ ਹਨ ਅਤੇ ਸੁਲਤਾਨ ਅਲਤਮਸ਼ ਦਾ ਜਲਾਲ ਮਿੱਟੀ ਵਿਚ ਮਿਲਾ ਰਹੇ ਹਨ। ਕੀ ਇਹ ਮੁਲਕ ਦੇ

ਖ਼ੂਨ ਵਿਚ ਜ਼ਹਿਰ ਨਹੀਂ ਘੋਲ ਰਹੇ ? ਅਸੀਂ ਇਨ੍ਹਾਂ ਬੁਰਾਈਆਂ ਦਾ ਇਲਾਜ ਸਿਵਾਏ ਨਸ਼ਤਰ ਦੇ ਹੋਰ ਕਿਸ ਚੀਜ਼ ਨਾਲ ਕਰ ਸਕਦੇ ਹਾਂ। ? ਨਸ਼ਤਰ ਚੁਭੋ ਕੇ ਨਾਸੂਰ ਦਾ ਇਲਾਜ ਕਰਨ ਵਾਲੇ ਨੂੰ ਤੁਸੀਂ ਕਸਾਈ ਨਹੀਂ ਕਹਿ ਸਕਦੇ।

(ਰਜ਼ੀਆ ਮਾਤਮੀ ਬਾਣੇ ਵਿਚ ਦੌੜਦੀ ਹੋਈ ਆਉਂਦੀ ਹੈ।)

ਰਜ਼ੀਆ : ਬੇਰਹਿਮ ਤੁਰਕਾਨ! ਸ਼ਮਸੀ ਸਲਤਨਤ ਉੱਤੇ ਕਹਿਰ ਟੁੱਟੇਗਾ! ਮੇਰੇ ਭਾਈ ਨੂੰ ਕਤਲ ਕਰ ਕੇ ਤੂੰ ਮੇਰੇ ਅੱਬਾ ਦੇ ਸੀਨੇ ਵਿਚ ਖ਼ੰਜਰ ਘੋਪਿਆ ਹੈ।

(ਰਜ਼ੀਆ ਦੌੜ ਕੇ ਪੌੜੀਆਂ ਚੜ੍ਹਦੀ ਹੋਈ ਦੌਲਤਖ਼ਾਨੇ ਦੀ ਫ਼ਸੀਲ ਉੱਤੇ ਖੜੀ ਹੋ ਜਾਂਦੀ ਹੈ। ਮਹਿਲ ਵਿਚ ਰੌਲਾ ਤੇ ਭਾਜੜ। ਬਲਬਨ, ਅਲਪਤਗੀਨ ਤੇ ਅਲਤੂਨੀਆਂ ਵੀ ਉਸ ਦੀ ਮਦਦ ਲਈ ਫ਼ਸੀਲ ਉੱਤੇ ਚੜ੍ਹ ਜਾਂਦੇ ਹਨ। ਯਾਕੂਤ ਨੇ ਦੋਹਾਂ ਹੱਥਾਂ ਉੱਤੇ ਕੁਤਬ-ਉਦ-ਦੀਨ ਦੀ ਲਾਸ਼ ਚੁੱਕੀ ਹੋਈ ਹੈ ਅਤੇ ਉਹ ਲਾਸ਼ ਨੂੰ ਰਜ਼ੀਆ ਦੇ ਸਾਹਮਣੇ ਰਖ ਦਿੰਦਾ ਹੈ। ਹੇਠਾਂ ਨਮਾਜ਼ੀਆਂ ਤੇ ਲੋਕਾਂ ਦਾ ਇਕੱਠ। ਰਜ਼ੀਆ ਦੇ ਚਿਹਰੇ ਉੱਤੇ ਡੂੰਘਾ ਦੁੱਖ।)

ਰਜ਼ੀਆ : ਦੋਹਾਈ! ਦਿੱਲੀ ਦੇ ਲੋਕੋ! ਜਦੋਂ ਦੇ ਸੁਲਤਾਨ ਅਲਤਮਸ਼ ਗੁਜ਼ਰੇ ਹਨ ਜ਼ੁਲਮ ਦੇ ਦਰਵਾਜ਼ੇ ਖੁਲ੍ਹ ਗਏ ਹਨ। ਸ਼ਾਹ ਤੁਰਕਾਨ ਨੇ ਮੇਰੇ ਅੱਬਾ ਦੇ ਉਨ੍ਹਾਂ ਸਾਰੇ ਸਾਥੀਆਂ ਨੂੰ ਮੌਤ ਦੇ ਘਾਟ ਉਤਾਰ ਦਿਤਾ, ਜੋ ਹੱਕ ਤੇ ਇਨਸਾਫ਼ ਦੇ ਤਰਫ਼ਦਾਰ ਸਨ। ਉਸ ਨੇ ਮੇਰੇ ਸਕੇ ਭਾਈ ਕੁਤਬ-ਉਦ-ਦੀਨ ਨੂੰ ਕਤਲ ਕਰ ਦਿਤਾ। ਹਨ੍ਹੇਰੀ ਕੋਠੜੀ ਵਿਚ ਉਸ ਨੂੰ ਬੰਦ ਕਰ ਦਿਤਾ। ਉਹਦੀਆਂ ਚੀਕਾਂ ਮਹਿਲ ਦੀਆਂ ਕੰਧਾਂ ਨਾਲ ਵੱਜੀਆਂ, ਪਰ ਤੁਹਾਡੇ ਤਕ ਨਾ ਪਹੁੰਚ ਸਕੀਆਂ। ਉਸ ਦੀਆਂ ਅੱਖਾਂ ਵਿਚ ਬਲਦੀ ਹੋਈ ਸਲਾਈ ਫੇਰ ਕੇ ਉਸ ਨੂੰ ਅੰਨ੍ਹਾਂ ਕੀਤਾ ਗਿਆ, ਤੇ ਫਿਰ ਉਸ ਮਾਸੂਮ ਨੂੰ ਬੇਰਹਿਮਾਂ ਨੇ ਮਾਰ ਦਿਤਾ। ਉਹ ਸ਼ਮਸੀ ਤਲਵਾਰ ਜੋ ਨਿਆਸਰਿਆਂ ਦਾ ਆਸਰਾ ਸੀ ਤੇ ਇਨਸਾਫ਼ ਦੀ ਨਿਸ਼ਾਨੀ, ਹੁਣ ਇਸ ਖ਼ਾਨਦਾਨ ਨੂੰ ਮਿਟਾਉਣ ਉੱਤੇ ਜੁਟੀ ਹੋਈ ਹੈ। ਸ਼ਾਹ ਤੁਰਕਾਨ ਨੇ ਇਥੇ ਹੀ ਬਸ ਨਹੀਂ ਕੀਤੀ, ਹੁਣ ਉਹ ਮੈਨੂੰ ਕਤਲ ਕਰਨਾ ਚਾਹੁੰਦੀ ਹੈ। ਦੋਹਾਈ!

(ਲੋਕਾਂ ਵਿਚ ਰੋਸੇ ਦੀ ਲਹਿਰ।)

ਅਣਖੀਲੇ ਭਰਾਵੋ! ਮੇਰੇ ਅੱਬਾ ਦੇ ਸਾਥੀਓ! ਮੈਂ ਤੁਹਾਨੂੰ ਉਨ੍ਹਾਂ ਦੀ ਯਾਦ ਦਿਵਾ ਕੇ ਖ਼ੂਨ ਦੇ ਹੰਝੂ ਨਹੀਂ ਰੁਲਾਣਾ ਚਾਹੁੰਦੀ। ਮੇਰੇ ਹੰਝੂ ਉਸ ਧੀ ਦੇ ਹਨ ਜਿਸ ਦੇ ਬਾਪ ਨੇ ਛੱਬੀ ਸਾਲ ਇਸ ਮੁਲਕ ਦੀ ਸੇਵਾ ਵਿਚ ਲਾਏ ਤੇ ਆਪਣੀ ਜਾਨ ਦੇ ਦਿਤੀ। ਇਹ ਹੰਝੂ ਉਸ ਭੈਣ ਦੇ ਹਨ ਜਿਸ ਦੇ ਭਰਾ ਦੀ ਲਾਸ਼ ਹਾਲੇ ਠੰਢੀ ਨਹੀਂ ਹੋਈ। ਇਹ ਹੰਝੂ ਉਸ ਸ਼ਹਿਜ਼ਾਦੀ ਦੇ ਹਨ ਜੋ ਮਹਿਲ ਦੀ ਚਾਰ ਦੀਵਾਰੀ ਵਿਚੋਂ ਕਦੇ ਬਾਹਰ ਨਹੀਂ ਸੀ ਨਿਕਲੀ, ਪਰ ਅੱਜ ਭਿਖਾਰਣ ਵਾਂਗ ਤੁਹਾਡੇ ਸਾਹਮਣੇ ਖੜੀ ਹੈ।

(ਲੋਕਾਂ ਵਿਚ ਸ਼ੋਰ।)

ਇਤਿਹਾਸ ਦੇ ਸਾਥੀਓ ਮੈਂ ਉਨ੍ਹਾਂ ਰਵਾਇਤਾਂ ਨੂੰ ਫਿਰ ਤੋਂ ਜੀਉਂਦਾ ਦੇਖਣਾ ਚਾਹੁੰਦੀ ਹਾਂ ਜਿਨ੍ਹਾਂ ਉੱਤੇ ਮੇਰੇ ਨਾਨਾ ਕੁਤਬ-ਉਦ-ਦੀਨ ਨੇ ਅਮਲ ਕੀਤਾ ਤੇ ਜਿਨ੍ਹਾਂ ਨੂੰ ਮੇਰੇ ਬਾਪ ਨੇ ਅਪਣਾਇਆ। ਸ਼ਾਹ ਤੁਰਕਾਨ ਮੌਤ ਦਾ ਸੁਨੇਹਾ

ਹੈ — ਦਰਬਾਰੀਆਂ ਵਾਸਤੇ, ਨਿਮਾਜ਼ੀਆਂ ਵਾਸਤੇ, ਭੈਣਾਂ ਵਾਸਤੇ, ਅਤੇ ਉਨ੍ਹਾਂ ਸਾਰਿਆਂ ਵਾਸਤੇ ਜੋ ਹੱਕ ਤੇ ਇਨਸਾਫ਼ ਦੇ ਤਰਫ਼ਦਾਰ ਹਨ। ਮੌਤ ਦਾ ਇਹ ਕਾਲਾ ਪਰਛਾਵਾਂ ਦਿੱਲੀ ਨੂੰ ਖਾ ਜਾਣਾ ਚਾਹੁੰਦਾ ਹੈ। ਦੁਹਾਈ! ਦੁਹਾਈ!

ਭੀੜ ਵਿਚੋਂ

ਆਵਾਜ਼ਾਂ : ਸ਼ਾਹ ਤੁਰਕਾਨ ਨੂੰ ਫੜ ਲਉ! ਰੁਕਨ-ਉਦ-ਦੀਨ ਨੂੰ ਤਖ਼ਤ ਤੋਂ ਲਾਹੋ! ਸ਼ਾਹਜ਼ਾਦੀ ਰਜ਼ੀਆ ਸਾਡੀ ਸੁਲਤਾਨ ਹੈ!

ਬਲਬਨ : ਇਨਸਾਫ਼ ਦੀ ਤਲਵਾਰ ਹਾਲੇ ਖੁੰਢੀ ਨਹੀਂ ਹੋਈ!

ਅਲਤੂਨੀਆਂ : ਕਾਤਿਲ ਦੀ ਸਜ਼ਾ —

ਲੋਕ : ਮੌਤ!

(ਲੋਕਾਂ ਦਾ ਇਕੱਠ ਮਹਿਲ ਵੱਲ ਵਧਦਾ ਹੈ। ਸ਼ਾਹ ਤੁਰਕਾਨ ਡਰ ਨਾਲ ਦਹਿਲ ਕੇ ਨੱਸਣਾ ਚਾਹੁੰਦੀ ਹੈ। ਲੋਕ ਗੁੱਸੇ ਵਿਚ ਉਸ ਨੂੰ ਫੜ ਕੇ ਉਸ ਦੇ ਟੋਟੇ ਟੋਟੇ ਕਰ ਦੇਣਾ ਚਾਹੁੰਦੇ ਹਨ। ਸ਼ਾਹ ਤੁਰਕਾਨ ਚੰਘਿਆੜਦੀ ਹੈ, ਪਰ ਲੋਕ ਉਸ ਨੂੰ ਫੜ ਕੇ ਲੈ ਜਾਂਦੇ ਹਨ ਤੇ ਇਕ ਚਬੂਤਰੇ ਉੱਤੇ ਲਿਜਾ ਕੇ ਕੁਹਾੜੇ ਨਾਲ ਉਸ ਦਾ ਸਿਰ ਵਢ ਦੇਂਦੇ ਹਨ। ਅੰਤਮ ਚੀਖ਼। ਨਾਅਰੇ। ਲੋਕ ਉਸ ਦਾ ਸਿਰ ਨੇਜ਼ੇ ਉੱਤੇ ਟੰਗ ਕੇ ਗਸ਼ਤ ਕਰਦੇ ਹਨ।)

ਬਲਬਨ : ਹੱਕ ਤੇ ਇਨਸਾਫ਼ ਦੀ ਅਲੰਬਰਦਾਰ ਸੁਲਤਾਨ ਰਜ਼ੀਆ—

ਲੋਕ : ਸਲਾਮਤ ਰਹਿਣ!

(ਮੁਹੱਜ਼ਬ-ਉਦ-ਦੀਨ ਸ਼ਮਸੀ ਤਲਵਾਰ ਲੈ ਕੇ ਆਉਂਦਾ ਹੈ, ਅਤੇ ਇਹੋ ਤਲਵਾਰ ਸ਼ੈਖ਼-ਉਲ-ਇਸਲਾਮ ਰਜ਼ੀਆ ਨੂੰ ਪੇਸ਼ ਕਰਦਾ ਹੈ।)

ਅਲਤੂਨੀਆਂ : ਖ਼ਾਤੂਨਿ-ਆਲਮ, ਬਲਕੀਸਿ-ਦੌਰਾਂ, ਇੱਫ਼ਤ-ਮ-ਆਬ ਸੁਲਤਾਨ ਰਜ਼ੀਆ—

ਲੋਕ : ਸਲਾਮਤ ਰਹਿਣ!

(ਲੋਕ ਸ਼ਾਹ ਤੁਰਕਾਨ ਦਾ ਸਿਰ ਨੇਜ਼ੇ ਉੱਤੇ ਚੁੱਕੀ ਜਿੱਤ ਦੀ ਖ਼ੁਸ਼ੀ ਵਿਚ ਚਲੇ ਜਾਂਦੇ ਹਨ। ਰਜ਼ੀਆ ਫ਼ਸੀਲ ਉੱਤੇ ਖੜੀ ਥੱਕੀਆਂ ਥੱਕੀਆਂ ਨਜ਼ਰਾਂ ਨਾਲ ਆਸਮਾਨ ਵਲ ਦੇਖਦੀ ਹੈ ਅਤੇ ਫਿਰ ਆਪਣੇ ਇਰਦ ਗਿਰਦ ਖੜੇ ਹੋਏ ਅਮੀਰਾਂ ਵਲ ਸ਼ੁਕਰ ਭਰੀਆਂ ਨਜ਼ਰਾਂ ਨਾਲ। ਸਭ ਅਮੀਰ ਗੋਡਿਆਂ ਭਾਰ ਝੁਕ ਜਾਂਦੇ ਹਨ।)

(ਹਨੇਰਾ)

# ਐਕਟ ਦੂਜਾ

## ਸੀਨ ਪਹਿਲਾ

(ਸੁਲਤਾਨ ਰਜ਼ੀਆ ਮਰਦਾਨਾ ਪੁਸ਼ਾਕ ਤੇ ਤਾਜਦਾਰ ਟੋਪੀ ਪਹਿਨੀ ਸੁਨਹਿਰੀ ਤਖ਼ਤ ਉੱਤੇ ਬਿਰਾਜਮਾਨ ਹੈ। ਪਿਛੇ ਪਰਚਮ ਬਰਦਾਰ ਖੜੇ ਹਨ ਅਤੇ ਕਨੀਜ਼ਾਂ ਸਿਰ ਝੁਕਾਈ ਬੈਠੀਆਂ ਹਨ। ਇਕ ਪਾਸੇ ਯਾਕੂਤ ਅਦਬ ਨਾਲ ਖੜਾ ਹੈ। ਰਜ਼ੀਆ ਦੇ ਸਾਹਮਣੇ ਸੱਤ ਅਮੀਰ ਗੋਡਿਆਂ ਪਰਨੇ ਇਕ ਕਤਾਰ ਵਿਚ ਬੈਠੇ ਹਨ ਜਿਨ੍ਹਾਂ ਵਿਚ ਮੁਹਜ਼ਬ-ਉਦ-ਦੀਨ, ਬਲਬਨ, ਕਬੀਰ-ਖ਼ਾਨਿ-ਅਯਾਜ਼, ਅਲਪਤਗੀਨ, ਬਦਾਯੂੰ ਤੇ ਹਾਂਸੀ ਸ਼ਾਮਿਲ ਹਨ। ਉਹ ਸਾਰੇ ਇਕੱਠੇ ਰਜ਼ੀਆ ਦੇ ਸਾਹਮਣੇ ਲੇਟ ਕੇ ਜ਼ਮੀਨ ਚੁੰਮਦੇ ਹਨ ਤੇ ਫਿਰ ਉਠਕੇ ਪਿਛੇ ਹਟਦੇ ਹੋਏ ਦੋਵੇਂ ਪਾਸੇ ਖੜੇ ਹੋ ਜਾਂਦੇ ਹਨ। ਯਾਕੂਤ ਨੂੰ ਸ਼ਾਹੀ ਖ਼ਿਲਅੱਤ ਪੇਸ਼ ਕੀਤੀ ਜਾਂਦੀ ਹੈ। ਅਮੀਰ ਇਕ ਦੂਜੇ ਵਲ ਦੇਖਦੇ ਹਨ। ਯਾਕੂਤ ਰਜ਼ੀਆ ਦੇ ਸਾਹਮਣੇ ਗੋਡਿਆਂ ਪਰਨੇ ਬੈਠ ਜਾਂਦਾ ਹੈ, ਖ਼ਿਲਅੱਤ ਤੇ ਤਲਵਾਰ ਕਬੂਲ ਕਰਕੇ ਇਨ੍ਹਾਂ ਨੂੰ ਚੁੰਮਦਾ ਹੈ ਅਤੇ ਪਿਛੇ ਹਟਦਾ ਹੋਇਆ ਚਲਾ ਜਾਂਦਾ ਹੈ।)

ਰਜ਼ੀਆ : ਅਸੀਂ ਉਚੇ ਤੇ ਨੀਵੇਂ ਖ਼ੂਨ ਜਾਂ ਤੁਰਕ ਤੇ ਤਾਜਕ ਦੀ ਦਰਜਾਬੰਦੀ ਦੇ ਖ਼ਿਲਾਫ਼ ਹਾਂ। ਮੁਸਲਮਾਨ ਤੇ ਗ਼ੈਰ ਮੁਸਲਮਾਨ ਦੇ ਵਿਤਕਰੇ ਨੂੰ ਬੁਰਾ ਸਮਝਦੇ ਹਾਂ। ਸਾਡੀ ਸਲਤਨਤ ਵਿਚ ਸਾਰਿਆਂ ਨਾਲ ਇਕੋ ਜਿਹਾ ਸਲੂਕ ਕੀਤਾ ਜਾਵੇਗਾ। ਅਹੁਦੇ ਕਿਸੇ ਦੀ ਜੱਦੀ ਜਾਗੀਰ ਨਹੀਂ। ਜਿਸ ਵਿਚ ਯੋਗਤਾ ਹੋਵੇਗੀ ਉਹੀ ਉਚੇ ਅਹੁਦੇ ਦਾ ਹੱਕਦਾਰ ਹੋਵੇਗਾ। ਸਾਨੂੰ ਇਹ ਐਲਾਨ ਕਰਦਿਆਂ ਹੋਇਆਂ ਖ਼ੁਸ਼ੀ ਹੈ ਕਿ ਜਲਾਲ-ਉਦ-ਦੀਨ ਯਾਕੂਤ ਨੂੰ ਅਮੀਰਿ-ਆਖ਼ੁਰ ਦਾ ਖ਼ਿਤਾਬ ਬਖ਼ਸ਼ਿਆ ਜਾਂਦਾ ਹੈ। ਅੱਜ ਤੋਂ ਇਹ ਸਾਡੇ ਅਮੀਰਾਂ ਦੇ ਹਲਕੇ ਵਿਚ ਸ਼ਾਮਿਲ ਹੁੰਦੇ ਹਨ। ਜਮਨਾ ਦੇ ਦੱਖਣ ਵਿਚ ਪੰਜ ਸੌ ਵਿਘੇ ਜ਼ਮੀਨ ਇਨ੍ਹਾਂ ਨੂੰ ਜਗੀਰ ਵਜੋਂ ਦਿਤੀ ਜਾਂਦੀ ਹੈ। ਇਹ ਇਨਾਮ ਅਸੀਂ ਯਾਕੂਤ ਦੀ ਵਫ਼ਾਦਾਰੀ, ਦ੍ਰਿੜ੍ਹਤਾ ਤੇ ਬਹਾਦਰੀ ਵਾਸਤੇ ਦਿੰਦੇ ਹਾਂ।

(ਅਮੀਰ ਆਪਸ ਵਿਚ ਨਜ਼ਰਾਂ ਮਿਲਾਉਂਦੇ ਹਨ।)

ਮੁਹਜ਼ਬ-ਉਦ-ਦੀਨ : ਮਲਕਾਇ-ਆਲੀਆ, ਮੈਨੂੰ ਅਫ਼ਸੋਸ ਹੈ ਕਿ ਇਸ ਖ਼ੁਸ਼ੀ ਦੇ ਮੌਕੇ 'ਤੇ ਮੈਂ ਇਕ ਬੁਰੀ ਖ਼ਬਰ ਸੁਣਾ ਰਿਹਾ ਹਾਂ। ਮੇਵਾਤ ਦੇ ਇਲਾਕੇ ਵਿਚ ਮੀਂਹ ਨਾ ਪੈਣ ਕਰਕੇ ਕਾਲ ਪੈ ਗਿਆ ਹੈ। ਸੈਂਕੜੇ ਲੋਕ ਭੁੱਖ ਨਾਲ ਮਰ ਗਏ ਤੇ ਹਜ਼ਾਰਾਂ ਢੋਰ ਡੰਗਰ ਕਾਲ ਦਾ ਸ਼ਿਕਾਰ ਹੋ ਗਏ। ਦਰਿਆਵਾਂ ਦਾ ਪਾਣੀ ਸੁੱਕ ਗਿਆ ਹੈ। ਪਿੰਡਾਂ ਦੇ ਪਿੰਡ ਉੱਜੜ ਗਏ ਹਨ।

ਰਜ਼ੀਆ : ਹਕੂਮਤ ਵਲੋਂ ਝਟ ਦੇ ਸੌ ਖੂਹ ਪੁੱਟਣ ਦਾ ਹੁਕਮ ਦਿਤਾ ਜਾਵੇ। ਸ਼ਾਹੀ ਭੰਡਾਰੇ

ਵਿਚੋਂ ਅਨਾਜ ਭੇਜਿਆ ਜਾਵੇ ਅਤੇ ਇਸ ਇਲਾਕੇ ਦੀ ਆਬਾਦੀ ਤੋਂ ਦੋ ਸਾਲ ਤਕ ਮਹਿਸੂਲ ਨਾ ਲਿਆ ਜਾਵੇ।

ਮੁਹਜ਼ਬ-ਉਲ-

ਦੀਨ : ਇਸ ਨਾਲ ਸ਼ਾਹੀ ਖ਼ਜ਼ਾਨੇ ਨੂੰ ਬਹੁਤ ਨੁਕਸਾਨ ਹੋਵੇਗਾ।

ਰਜ਼ੀਆ : ਅਮੀਰਾਂ, ਜ਼ਿਮੀਂਦਾਰਾਂ ਤੇ ਵਪਾਰੀਆਂ ਦੇ ਮਹਿਸੂਲ ਵਧਾ ਦਿਤੇ ਜਾਣ। ਜੇ ਮੁਲਕ ਦੇ ਕਿਸੇ ਹਿੱਸੇ ਵਿਚ ਵੀ ਮੰਦਹਾਲੀ ਹੋਵੇ ਤਾਂ ਇਹ ਪੂਰੇ ਮੁਲਕ ਦੀ ਜ਼ੁੰਮੇਵਾਰੀ ਬਣ ਜਾਂਦੀ ਹੈ। ਸਾਨੂੰ ਆਪਸ ਵਿਚ ਭਾਈਚਾਰੇ ਨਾਲ ਜ਼ਿੰਦਗੀ ਗੁਜ਼ਾਰਨੀ ਚਾਹੀਦੀ ਹੈ। ਇਕ ਦੂਜੇ ਦੇ ਦੁਖ ਤੇ ਸੁਖ ਵਿਚ ਸ਼ਰੀਕ ਹੋਣਾ ਚਾਹੀਦਾ ਹੈ। ਸਾਨੂੰ ਪਤਾ ਲੱਗਾ ਹੈ ਕਿ ਇਸ ਵਕਤ ਜਦੋਂ ਸਾਡੀ ਸਲਤਨਤ ਦੇ ਕਈ ਇਲਾਕਿਆਂ ਦੀ ਪਰਜਾ ਮੁਸੀਬਤਾਂ ਵਿਚੋਂ ਲੰਘ ਰਹੀ ਹੈ, ਅਮੀਰਾਂ ਦੇ ਨੌਜਵਾਨ ਪੁੱਤ ਸ਼ਹਿਰ ਵਿਚ ਫ਼ਸਾਦ ਮਚਾ ਰਹੇ ਹਨ ਅਤੇ ਸ਼ਰਮਨਾਕ ਹਰਕਤਾਂ ਉਤੇ ਉਤਰ ਆਏ ਹਨ। ਕਈਆਂ ਦੇ ਨੌਕਰ ਵੀ ਮਾਲਕਾਂ ਦੀਆਂ ਪੈੜਾਂ ਉਤੇ ਚਲ ਰਹੇ ਹਨ। ਕਾਲ ਪੀੜਤ ਇਲਾਕਿਆਂ ਵਿਚੋਂ ਲਾਵਾਰਸ ਔਰਤਾਂ ਨੂੰ ਲਿਆ ਕੇ ਬਾਜ਼ਾਰ ਵਿਚ ਵੇਚਿਆ ਜਾ ਰਿਹਾ ਹੈ। ਪਿਛਲੇ ਹਫ਼ਤੇ ਤੀਹ ਔਰਤਾਂ ਦੀ ਬੇਪਤੀ ਕੀਤੀ ਗਈ। ਅੱਜ ਤੋਂ ਕਿਸੇ ਵੀ ਸ਼ਕਲ ਵਿਚ ਔਰਤਾਂ ਦਾ ਵਪਾਰ ਜੁਰਮ ਕਰਾਰ ਦਿਤਾ ਜਾਂਦਾ ਹੈ। ਜੇ ਕੋਈ ਇਸ ਕਾਨੂੰਨ ਨੂੰ ਤੋੜਦਾ ਫੜਿਆ ਗਿਆ ਤਾਂ ਉਸ ਨੂੰ ਕਰੜੀ ਸਜ਼ਾ ਦਿੱਤੀ ਜਾਵੇਗੀ। ਵੇਸਵਾਵਾਂ ਨੂੰ ਇੱਜ਼ਤ ਨਾਲ ਜ਼ਿੰਦਗੀ ਬਸਰ ਕਰਨ ਦਾ ਮੌਕਾ ਦਿਤਾ ਜਾਂਦਾ ਹੈ। ਹਕੂਮਤ ਵਲੋਂ ਹਰ ਵੇਸਵਾ ਨੂੰ ਪੰਜ ਸੌ ਟੱਕੇ ਦਿਤੇ ਜਾਣਗੇ ਤਾਂ ਜੁ ਉਹ ਸ਼ਾਦੀ ਕਰ ਕੇ ਘਰ ਵਸਾ ਸਕੇ।

ਮੁਹਜ਼ਬ-ਉਦ-

ਦੀਨ : ਮਲਕਾਇ ਆਲੀਆ, ਗੁਨਾਹ ਨੂੰ ਇਸ ਤਰ੍ਹਾਂ ਖ਼ਤਮ ਕਰਕੇ ਤੁਸੀਂ ਇਕ ਵਡੇ ਗੁਨਾਹ ਨੂੰ ਪਾਲ ਰਹੇ ਹੋ। ਜੇ ਵੇਸਵਾਵਾਂ ਨੂੰ ਖ਼ਤਮ ਕੀਤਾ ਗਿਆ ਤਾਂ ਬਹੁਤ ਸਾਰੇ ਲੋਕ ਕਾਮ ਵਾਸ਼ਨਾ ਤੋਂ ਬੇਕਾਬੂ ਹੋ ਕੇ ਸ਼ਰੀਫ਼ ਘਰਾਂ ਦੀਆਂ ਨੂੰਹਾਂ ਧੀਆਂ ਦੀ ਇੱਜ਼ਤ ਨੂੰ ਹੱਥ ਪਾਉਣਗੇ।

ਰਜ਼ੀਆ : ਮਰਦਾਂ ਨੂੰ ਆਪਣੀ ਹਵਸ ਉਤੇ ਕਾਬੂ ਰਖਣਾ ਹੋਵੇਗਾ। ਮਜ਼ਹਬ ਉਨ੍ਹਾਂ ਨੂੰ ਆਜ਼ਾਦੀ ਦਿੰਦਾ ਹੈ ਕਿ ਉਹ ਔਰਤਾਂ ਦੇ ਨਾਲ ਸ਼ਾਦੀ ਦਾ ਪਵਿੱਤਰ ਰਿਸ਼ਤਾ ਕਾਇਮ ਕਰਨ। ਉਨ੍ਹਾਂ ਨੂੰ ਆਪਣੀ ਹਵਸ ਮਿਟਾਉਣ ਦਾ ਸਾਧਨ ਨਾ ਸਮਝਣ। ਕੋਈ ਮੁਲਕ ਉਸ ਵਕਤ ਤਕ ਉੱਚਾ ਨਹੀਂ ਉਠ ਸਕਦਾ ਜਦ ਤਕ ਉਥੋਂ ਦੇ ਮਰਦ ਤੀਵੀਆਂ ਦਾ ਸਤਿਕਾਰ ਨਾ ਕਰਨ।

ਮੁਹਜ਼ਬ-ਉਦ-

ਦੀਨ : ਮਲਕਾਇ-ਆਲੀਆ, ਅਸੀਂ ਤੁਹਾਡੇ ਵਫ਼ਾਦਾਰ ਹਾਂ। ਪਰ ਕੁਝ ਅਮੀਰਾਂ ਦਾ ਖ਼ਿਆਲ ਹੈ ਕਿ ਨਵੇਂ ਅਹੁਦਿਆਂ ਦੀ ਵੰਡ ਨਾਲ ਤੁਰਕਾਂ ਦੇ ਵੱਕਾਰ ਨੂੰ ਧੱਕਾ ਪਹੁੰਚਿਆ ਹੈ। ਕੁਝ ਤਾਜਿਕ ਅਮੀਰ ਵੀ ਮਾਯੂਸ ਹਨ। ਉਨ੍ਹਾਂ ਨੇ ਆਪਣਾ ਖ਼ੂਨ ਡੋਲ੍ਹ ਕੇ ਇਸ ਤਖ਼ਤ ਦੀ ਰੱਖਿਆ ਕੀਤੀ, ਪਰ ਹੁਣ ਉਨ੍ਹਾਂ ਨੂੰ ਪਹਿਲਾਂ ਵਰਗਾ ਮਾਣ ਨਹੀਂ ਦਿਤਾ ਜਾਂਦਾ।

ਰਜ਼ੀਆ : ਇਹ ਤੁਰਕ ਤੇ ਤਾਜਿਕ ਦਾ ਸਵਾਲ ਨਹੀਂ। ਸਵਾਲ ਹੈ ਕਾਬਲੀਅਤ ਦਾ। ਕੌਣ ਕਿਸ ਰੁਤਬੇ ਦੇ ਅਹਿਲ ਹੈ। ਕੌਣ ਕਿਸ ਫ਼ਰਜ਼ ਨੂੰ ਬਿਹਤਰ ਨਿਭਾ ਸਕਦਾ ਹੈ।

ਬਲਬਨ : ਲੋਕਾਂ ਨੂੰ ਰੋਸ ਹੈ ਕਿ ਆਪ ਕੁਛ ਗ਼ੁਲਾਮਾਂ ਨੂੰ ਉੱਚੇ ਅਹੁਦੇ ਬਖ਼ਸ਼ ਰਹੇ ਹੋ।

ਰਜ਼ੀਆ : ਯਾਕੂਤ ਇਕ ਸਾਧਾਰਨ ਗ਼ੁਲਾਮ ਹੈ, ਪਰ ਕੀ ਸਿਰਫ਼ ਇਸ ਲਈ ਉਸ ਨੂੰ ਦਬਾ ਦਿਤਾ ਜਾਵੇ ਕਿ ਉਸ ਦਾ ਰੰਗ ਸਿਆਹ ਹੈ ? ਉਸ ਵਿਚ ਵਫ਼ਾਦਾਰੀ ਦੀ ਕਬਾਇਲੀ ਚਮਕ ਹੈ। ਜਦੋ-ਜਹਿਦ ਦੀ ਤਾਕਤ ਹੈ। ਉਹ ਭਵਿੱਖ ਲਈ ਲੜ ਸਕਦਾ ਹੈ ਤੇ ਆਪਣੀ ਜਾਨ ਦੇ ਸਕਦਾ ਹੈ। ਬਹੁਤ ਸਾਰੇ ਅਮੀਰ ਸਿਰਫ਼ ਆਪਣੇ ਆਪ ਨੂੰ ਅਗੇ ਲਿਆਉਣ ਲਈ ਦੂਜਿਆਂ ਦੀ ਜਾਨ ਦੇ ਗਾਹਕ ਹਨ। ਜਦ ਤਕ ਅਸੀਂ ਇਸ ਤਖ਼ਤ ਉਤੇ ਹਾਂ ਉਚੇ ਤੇ ਨੀਵੇਂ ਦਾ ਫ਼ਰਕ ਸਿਰਫ਼ ਯੋਗਤਾ ਨਾਲ ਪਰਖਿਆ ਜਾਵੇਗਾ।

ਬਲਬਨ : ਮੇਰੀ ਬੇਨਤੀ ਹੈ ਕਿ ਸਥਾਨਕ ਲੋਕਾਂ ਨੂੰ ਉਚੇ ਅਹੁਦੇ ਨਾ ਦਿਤੇ ਜਾਣ। ਇਹ ਲੋਕ ਕਮਜ਼ੋਰ-ਦਿਲ, ਫ਼ਰੇਬੀ ਤੇ ਮਤਲਬ ਪ੍ਰਸਤ ਹਨ। ਸਿਰਫ਼ ਤੁਰਕ ਤੇ ਤਾਜਿਕ ਖ਼ੂਨ ਹੀ ਇਨ੍ਹਾਂ ਅਹੁਦਿਆਂ ਦਾ ਹੱਕਦਾਰ ਹੈ।

ਰਜ਼ੀਆ : ਅਸੀਂ ਬਾਹਰ ਤੋਂ ਆ ਕੇ ਇਥੇ ਵੱਸੇ ਹਾਂ। ਪਰ ਹੁਣ ਇਸੇ ਧਰਤੀ ਦੇ ਵਸਨੀਕ ਹਾਂ। ਇਹੀ ਸਾਡਾ ਮੁਲਕ ਹੈ। ਇਥੋਂ ਦੀਆਂ ਰਵਾਇਤਾਂ ਨੂੰ ਕੁਚਲਕੇ ਅਸੀਂ ਕਦੇ ਨਹੀਂ ਪੁੰਗਰ ਸਕਦੇ। ਅਸੀਂ ਮਜ਼ਹਬ ਤੇ ਮਿੱਲਤ ਅਤੇ ਰੰਗ ਤੇ ਨਸਲ ਦੇ ਲਿਹਾਜ਼ ਨੂੰ ਮਿਟਾ ਕੇ ਮੁਲਕ ਦੀ ਏਕਤਾ ਲਈ ਯਤਨ ਕਰਾਂਗੇ।

ਸ਼ੇਖ਼-ਉਲ-ਇਸਲਾਮ : ਆਪ ਰੰਗ ਤੇ ਨਸਲ ਦਾ ਫ਼ਰਕ ਮਿਟਾਉਣ ਦੀ ਗੱਲ ਕਰਦੇ ਹੋ। ਜਦ ਤਕ ਇਥੋਂ ਦੇ ਲੋਕ ਇਸਲਾਮੀ ਅਸੂਲਾਂ ਨੂੰ ਨਹੀਂ ਮੰਨਦੇ ਏਕਤਾ ਦਾ ਸਵਾਲ ਹੀ ਨਹੀਂ ਉਠਦਾ। ਇਸਲਾਮ ਏਕਤਾ ਦਾ ਸਬਕ ਦਿੰਦਾ ਹੈ ਅਤੇ ਇਕ ਕਤਾਰ ਵਿਚ ਖੜੇ ਹੋ ਕੇ ਨਮਾਜ਼ ਪੜ੍ਹਨ ਦੀ ਸਿੱਖਿਆ। ਏਸੇ ਗੱਲ ਨੇ ਇਸਲਾਮ ਨੂੰ ਫੈਲਾਇਆ ਅਤੇ ਇਸ ਦੇ ਗਾਜ਼ੀਆਂ ਉਤੇ ਅੱਲਾਹ ਦੀ ਮਿਹਰ ਰਹੀ।

ਰਜ਼ੀਆ : ਇਸਲਾਮ ਏਕਤਾ ਦਾ ਸਬਕ ਦਿੰਦਾ ਹੈ, ਪਰ ਸ਼ੇਖ਼-ਉਲ-ਇਸਲਾਮ! ਤੁਸੀਂ ਇਥੇ ਨਫ਼ਰਤ ਬੀਜ ਰਹੇ ਹੋ।

ਸ਼ੇਖ਼-ਉੱਲ-ਇਸਲਾਮ : ਮਲਕਾਇ-ਆਲੀਆ, ਮੇਰਾ ਫ਼ਰਜ਼ ਸੀ ਕਿ ਤੁਹਾਨੂੰ ਸ਼ਰ੍ਹਾ ਦੀਆਂ ਜ਼ਿੰਮੇਦਾਰੀਆਂ ਤੋਂ ਜਾਣੂੰ ਕਰਾਵਾਂ।

ਰਜ਼ੀਆ : ਸ਼ੇਖ਼-ਉੱਲ-ਇਸਲਾਮ, ਸਾਨੂੰ ਇਤਲਾਹ ਮਿਲੀ ਹੈ ਕਿ ਤੁਸੀਂ ਔਰਤਾਂ ਦੇ ਖ਼ਿਲਾਫ਼ ਬੋਲਦੇ ਹੋ। ਸਾਨੂੰ ਇਹ ਬਿਲਕੁਲ ਪਸੰਦ ਨਹੀਂ।

ਸ਼ੇਖ਼-ਉੱਲ-ਇਸਲਾਮ : ਮੈਂ ਖ਼ੁਦਾਵੰਦ ਕਰੀਮ ਦੇ ਹੁਕਮ ਦੀ ਪਾਲਣਾ ਕਰਦਾ ਹਾਂ ਅਤੇ ਲੋਕਾਂ ਨੂੰ ਔਰਤ ਬਾਰੇ ਰਸੂਲ ਦੇ ਕਥਨਾਂ ਤੋਂ ਜਾਣੂੰ ਕਰਾਉਂਦਾ ਹਾਂ। ਮੈਂ ਆਪਣੇ ਫ਼ਰਜ਼ ਤੋਂ ਅਨਗਹਿਲੀ ਕਿਵੇਂ ਕਰ ਸਕਦਾ ਹਾਂ। ਹਰ ਸੁਲਤਾਨ ਦਾ ਫ਼ਰਜ਼ ਹੈ ਕਿ ਉਹ ਦੀਨ ਪਨਾਹੀ ਦੇ ਸੁਨਹਿਰੀ ਅਸੂਲਾਂ ਉਤੇ ਅਮਲ ਕਰੇ। ਇਨ੍ਹਾਂ ਥੰਮਾਂ ਉਤੇ ਹੀ ਤਖ਼ਤ ਕਾਇਮ ਰਹਿ ਸਕਦਾ ਹੈ।

ਰਜ਼ੀਆ : ਤੁਹਾਡੇ ਇਨ੍ਹਾਂ ਸੁਨਹਿਰੀ ਅਸੂਲਾਂ ਦੀ ਥਾਂ ਅਸੀਂ ਖ਼੍ਵਾਜਾ ਮਅਈ-ਉਦ-ਦੀਨ ਚਿਸ਼ਤੀ ਦੇ ਸੁਲਾਹਕੁਨ ਅਸੂਲਾਂ ਤੋਂ ਵਧੇਰੇ ਪ੍ਰਭਾਵਿਤ ਹਾਂ।

ਸ਼ੇਖ਼-ਉੱਲ-ਇਸਲਾਮ : ਸਭ ਨਾਲ ਸੁਲ੍ਹਾ ? ਇਸ ਦਾ ਮਤਲਬ ਹੈ ਸਭ ਨਾਲ ਲੜਾਈ।

ਰਜ਼ੀਆ : ਇਨ੍ਹਾਂ ਅਸੂਲਾਂ ਦੇ ਆਧਾਰ ਉੱਤੇ ਹੀ ਉਹ ਪ੍ਰਿਥਵੀ ਰਾਜ ਚੌਹਾਨ ਦੇ ਰਾਜ ਵੇਲੇ ਹਿੰਦੂ ਆਬਾਦੀ ਵਿਚ ਜਾ ਵਸੇ ਸਨ। ਅਜਮੇਰ ਵਿਚ ਜਿਥੇ ਮੁਸਲਮਾਨ ਉਨ੍ਹਾਂ ਦੇ ਚੇਲੇ ਸਨ, ਉਥੇ ਹਿੰਦੂ ਵੀ ਉਨ੍ਹਾਂ ਨੂੰ ਆਪਣਾ ਔਲੀਆ ਸਮਝਦੇ ਸਨ। ਤਲਵਾਰ ਦੀ ਥਾਂ ਉਨ੍ਹਾਂ ਨੇ ਮਨੁੱਖੀ ਚਿੱਤ ਦੀ ਸ਼ਕਤੀ ਨਾਲ ਲੋਕਾਂ ਦੇ ਦਿਲ ਜਿੱਤੇ। ਅਸੀਂ ਸਿਰਫ਼ ਹਮਦਰਦੀ ਤੇ ਨੇਕ ਦਿਲੀ ਨਾਲ ਹੀ ਇਸ ਸਲਤਨਤ ਦੀਆਂ ਨੀਂਹਾਂ ਮਜ਼ਬੂਤ ਕਰ ਸਕਦੇ ਹਾਂ।

ਬਲਬਨ : ਤੁਸੀਂ ਮੌਲਾਨਾ ਨੂਰ ਸ਼ਾਹ ਨੂੰ ਸ਼ਹਿ ਦੇ ਰਖੀ ਹੈ। ਏਸੇ ਲਈ ਉਸ ਦਾ ਦਿਮਾਗ਼ ਖ਼ਰਾਬ ਹੋ ਗਿਆ ਹੈ। ਉਹ ਹਰ ਇਕ ਦੀ ਬੇਇੱਜ਼ਤੀ ਕਰਦਾ ਹੈ। ਤੁਸੀਂ ਉਸ ਲਈ ਸੋਨੇ ਦਾ ਤੁਹਫ਼ਾ ਭੇਜਿਆ। ਉਸ ਨੇ ਸੋਟੀ ਚੁੱਕੀ ਤੇ ਸਾਹੀ ਤੁਹਫ਼ੇ ਨੂੰ ਕੁੱਟਣ ਲੱਗਾ। ਬੋਲਿਆ, ਇਹ ਕੀ ਹੈ ? ਲੈ ਜਾਓ ਇਸ ਨੂੰ ਮੇਰੇ ਸਾਹਮਣਿਓਂ।

ਰਜ਼ੀਆ : ਅਸੀਂ ਗ਼ਲਤੀ ਕੀਤੀ। ਸਾਨੂੰ ਸੋਨੇ ਦੀ ਥਾਂ ਚੌਲ ਭੇਜਣੇ ਚਾਹੀਦੇ ਸਨ। ਉਹ ਫ਼ਕੀਰ ਹੈ। ਉਸ ਨੇ ਸੋਨੇ ਚਾਂਦੀ ਤੋਂ ਕੀ ਲੈਣਾ ?

ਸ਼ੇਖ਼-ਉਲ-ਇਸਲਾਮ : ਇਹ ਸਭ ਢੌਂਗ ਹੈ, ਮਲਕਾਇ-ਆਲੀਆ। ਮੈਂ ਇਨ੍ਹਾਂ ਫ਼ਕੀਰਾਂ ਦੀ ਅਸਲੀਅਤ ਜਾਣਦਾ ਹਾਂ। ਦਿਖਾਵੇ ਵਜੋਂ ਸੋਨੇ ਚਾਂਦੀ ਨੂੰ ਲੱਤ ਮਾਰਦੇ ਹਨ, ਪਰ ਅੰਦਰੋਂ ਆਪਣੇ ਚੇਲਿਆਂ ਨੂੰ ਉਕਸਾਉਂਦੇ ਹਨ। ਤੁਹਾਡੇ ਭੇਜੇ ਹੋਏ ਤੁਹਫ਼ੇ ਨੂੰ ਠੋਕਰ ਮਾਰ ਦਿਤੀ। ਆਮ ਲੋਕਾਂ ਵਿਚ ਵਾਹ ਵਾਹ ਹੋ ਗਈ। ਰਾਤ ਵੇਲੇ ਦਿੱਲੀ ਦਾ ਹਰ ਦੌਲਤਮੰਦ ਵਪਾਰੀ ਸੋਨੇ ਚਾਂਦੀ ਦੇ ਥਾਲ ਲੈ ਕੇ ਉਥੇ ਹਾਜ਼ਰ ਹੋ ਜਾਂਦਾ ਹੈ। ਇਸ ਵੇਲੇ ਉਸ ਦਾ ਡੇਰਾ ਅਯਾਸ਼ੀ ਦਾ ਅੱਡਾ ਬਣਿਆ ਹੋਇਆ ਹੈ। ਹਰ ਬਦਮਾਸ਼ ਉਹਦੇ ਵੱਸ ਵਿਚ ਹੈ। ਕਰਾਮਤਾ ਤੇ ਮੁਲਾਹਿਦਾ ਦੇ ਫ਼ਿਰਕਿਆਂ ਦਾ ਆਗੂ ਹੈ ਅਤੇ ਉਸ ਨੇ ਗੁਜਰਾਤ, ਸਿੰਧ ਤੇ ਜਮਨਾ ਗੰਗਾ ਦੇ ਆਵਾਰਾ ਲੋਕਾਂ ਨੂੰ ਇਕੱਠਾ ਕਰ ਰਖਿਆ ਹੈ। ਥਾਂ ਥਾਂ ਤਕਰੀਰਾਂ ਕਰਦਾ ਹੈ ਅਤੇ ਨਮਾਜ਼ੀਆਂ ਦੇ ਵਿਰੁਧ ਆਪਣੀ ਮੰਡਲੀ ਨੂੰ ਭੜਕਾਉਂਦਾ ਹੈ। ਜੁੰਮੇ ਦੀ ਨਮਾਜ਼ ਵੇਲੇ ਉਸ ਦੇ ਸ਼ਾਗਿਰਦ ਤਲਵਾਰਾਂ ਤੇ ਖ਼ੰਜਰ ਲੈ ਕੇ ਜਾਮਾ ਮਸਜਿਦ ਵਿਚ ਆ ਵੜੇ ਅਤੇ ਉਨ੍ਹਾਂ ਨੇ ਨਿਮਾਜ਼ੀਆਂ ਤੇ ਹਮਲਾ ਕੀਤਾ। ਫ਼ਕੀਰੀ ਦੀ ਆੜ ਵਿਚ ਉਹ ਮਜ਼ਹਬ ਦਾ ਦੁਸ਼ਮਣ ਹੈ।

ਰਜ਼ੀਆ : ਮੌਲਾਨਾ ਨੂਰ ਸ਼ਾਹ ਦਰਵੇਸ਼ ਹਨ। ਜੇ ਉਹ ਕੁਝ ਮੌਲਾਨਿਆਂ ਤੇ ਮੁਫ਼ਤੀਆਂ ਉੱਤੇ ਨੁਕਤਾਚੀਨੀ ਕਰਦੇ ਹਨ ਤਾਂ ਅਸੀਂ ਉਨ੍ਹਾਂ ਨੂੰ ਨਾਰਾਜ਼ ਨਹੀਂ ਕਰਾਂਗੇ। ਅਸੀਂ ਦਿੱਲੀ ਤੇ ਹਾਂਸੀ ਵਿਚ ਉਨ੍ਹਾਂ ਦੀਆਂ ਤਕਰੀਰਾਂ ਦੀ ਤਾਰੀਫ਼ ਸੁਣੀ। ਅਸੀਂ ਉਨ੍ਹਾਂ ਨੂੰ ਉਤਨਾ ਹੀ ਮਾਣ ਦਿਆਂਗੇ ਜਿਤਨਾ ਕਿ ਦੂਜੇ ਵਿਦਵਾਨਾਂ ਤੇ ਦਰਵੇਸ਼ਾਂ ਨੂੰ। ਸਾਡੇ ਲਈ ਸਭ ਬਰਾਬਰ ਹਨ।

ਮੁਹਜ਼ਬ-ਉਦ-ਦੀਨ : ਤੁਸੀਂ ਉਸ ਤੂਫ਼ਾਨ ਨੂੰ ਨਹੀਂ ਦੇਖ ਰਹੇ ਜੋ ਸਲਤਨਤ ਦੇ ਕਈ ਖੂੰਜਿਆਂ ਤੋਂ ਉਠ ਰਿਹਾ ਹੈ।

ਰਜ਼ੀਆ : ਤੂਫ਼ਾਨ ਦਾ ਮੁਕਾਬਲਾ ਅਸੀਂ ਕਰ ਸਕਦੇ ਹਾਂ।

ਮੁਹਜ਼ਬ-ਉਦ-ਦੀਨ : ਤੂਫ਼ਾਨ ਅੰਨ੍ਹਾ ਹੁੰਦਾ ਹੈ। ਇਸ ਦੀ ਨਾ ਕੋਈ ਚੇਤਨਾ ਹੁੰਦੀ ਹੈ ਨਾ ਸੋਧ।

ਰਜ਼ੀਆ : ਜਦੋਂ ਜ਼ਰਾ ਅਮਨਚੈਨ ਹੁੰਦਾ ਹੈ ਤਾਂ ਆਪਣੇ ਹੀ ਅਮੀਰ ਇਸ ਤੋਂ ਘਬਰਾ ਜਾਂਦੇ ਹਨ। ਉਹ ਜੰਗ ਦੇ ਮੈਦਾਨ ਵਿਚ ਅਮਨ ਲੋਚਦੇ ਹਨ। ਪਰ ਅਮਨ ਇਕ ਖ਼ਤਰਨਾਕ ਚੀਜ਼ ਹੈ। ਉਨ੍ਹਾਂ ਦੇ ਘੋੜੇ ਬਿਹਬਲ ਹੋ ਜਾਂਦੇ ਹਨ। ਉਨ੍ਹਾਂ ਦੇ ਡੌਲੇ ਫੜਕਨ ਲਗਦੇ ਹਨ, ਅਤੇ ਇਸ ਡਰ ਤੋਂ ਕਿ ਤਲਵਾਰ ਨੂੰ ਕਿਤੇ ਜ਼ੰਗ ਨਾ ਲੱਗ ਜਾਵੇ, ਉਹ ਭੜਕ ਉਠਦੇ ਹਨ। ਅਸੀਂ ਇਸ ਵੇਲੇ ਪਰੇਸ਼ਾਨ ਹਾਂ।

(ਉਹ ਜਾਂਦੀ ਹੈ।)

ਉਸ ਦੇ ਪਿਛੇ ਦਰਬਾਰੀ, ਕਨੀਜ਼ਾਂ ਤੇ ਆਹਨਪੋਸ਼।

ਸ਼ੇਖ਼-ਉਲ-ਇਸਲਾਮ : ਜਿਥੇ ਅੱਲਾਹ ਤਾਲਾ ਦੇ ਹੁਕਮ ਤੇ ਰਸੂਲ ਦੇ ਕਥਨਾਂ ਤੋਂ ਇਤਨੀ ਲਾਪਰਵਾਹੀ ਵਰਤੀ ਜਾਵੇ, ਅਤੇ ਜਿਥੇ ਮੱਕਾਰ ਫ਼ਕੀਰਾਂ ਦੀ ਬਦਕਾਰੀ ਨੂੰ ਸਲਾਹਿਆ ਜਾਵੇ ਉਥੇ ਜ਼ਰੂਰ ਅੱਲਾਹ ਦਾ ਕਹਿਰ ਨਾਜ਼ਿਲ ਹੋਵੇਗਾ। ਮੈਂ ਦੇਖ ਰਿਹਾ ਹਾਂ ਕਿ ਇਸ ਮੁਲਕ ਉਤੇ ਜਹਾਲਤ ਤੇ ਕੁਫ਼ਰ ਦੇ ਬੱਦਲ ਛਾਏ ਹੋਏ ਹਨ। ਐ ਪਰਵਰਦਗਾਰ, ਤੂੰ ਹੀ ਸਾਨੂੰ ਪਨਾਹ ਦੇ। ਇਸ ਹਨੇਰੀ ਰਾਤ ਵਿਚ ਸਾਨੂੰ ਰੋਸ਼ਨੀ ਦਿਖਾ!

(ਉਹ ਜਾਂਦਾ ਹੈ। ਸਿਰਫ਼ ਬਲਬਨ, ਮੁਹਜ਼ਬ-ਉਦ-ਦੀਨ ਤੇ ਅਲਪਤਗੀਨ ਰਹਿ ਜਾਂਦੇ ਹਨ।)

ਬਲਬਨ : ਅਸੀਂ ਇਸ ਨੂੰ ਤਖ਼ਤ ਉਤੇ ਬੈਠਾਇਆ। ਇਸ ਦੀ ਖ਼ਿਦਮਤ ਕੀਤੀ। ਅਮੀਰਾਂ ਨਾਲ ਦੁਸ਼ਮਣੀ ਮੁੱਲ ਲਈ। ਪਰ ਕੀ ਮਿਲਿਆ ? ਜ਼ਲਾਲਤ। ਇਹ ਮਰਦਾਨਗੀ ਨਿਰਾ ਭੇਖ ਹੈ। ਅੰਦਰੋਂ ਪੂਰੀ ਔਰਤ — ਖ਼ੁਸ਼ਾਮਦ ਦੀ ਭੁੱਖੀ, ਤਾਕਤ ਦੀ ਅੰਨ੍ਹੀ। ਜਿਸ ਕਿਸੇ ਨੇ ਵੀ ਇਸ ਦੀ ਖ਼ਿਦਮਤ ਕੀਤੀ, ਉਸ ਦੀ ਬੇਇੱਜ਼ਤੀ ਹੋਈ। ਪਹਿਲਾਂ ਜੁਨੈਦੀ ਨੂੰ ਕਢਿਆ, ਫਿਰ ਉਸ ਦੇ ਸਾਥੀਆਂ ਨੂੰ। ਹੁਣ ਸਾਡੇ ਨਾਲ ਨਾਰਾਜ਼ ਹੈ। ਸਿਰਫ਼ ਉਸ ਹਬਸ਼ੀ ਉਤੇ ਮੋਹਿਤ ਹੈ। ਉਹ ਕਿਥੋਂ ਆਇਆ ? ਕੌਣ ਹੈ ? ਉਸ ਦਾ ਖ਼ਾਨਦਾਨ ਤੇ ਅੱਗਾ ਪਿੱਛਾ ਕਿਸੇ ਨੂੰ ਪਤਾ ਨਹੀਂ। ਅਜ ਤਕ ਇਹ ਅਹੁਦਾ ਮੇਰੇ ਕੋਲ ਰਿਹਾ। ਆਖ਼ਿਰ ਇਹ ਚਾਹੁੰਦੀ ਕੀ ਹੈ ? ਮੈਨੂੰ ਉਸ ਹਬਸ਼ੀ ਦੀਆਂ ਨਜ਼ਰਾਂ ਵਿਚ ਜ਼ਲੀਲ ਕਰਨਾ ? ਮੈਥੋਂ ਖੋਹ ਕੇ ਇਹ ਅਹੁਦਾ ਉਸ ਨੂੰ ਦੇ ਦਿਤਾ। ਕਿਉਂ ?

ਅਲਪਤਗੀਨ : ਮੈਨੂੰ ਖ਼ੁਦ ਹੈਰਾਨੀ ਹੋਈ, ਪਰ ਅਸੀਂ ਉਸ ਦੇ ਫ਼ੈਸਲੇ ਉਤੇ ਟਿੱਪਣੀ ਨਹੀਂ ਕਰ ਸਕਦੇ। ਸੁਲਤਾਨ ਹੈ, ਜਿਸ ਨੂੰ ਜੋ ਰੁਤਬਾ ਚਾਹੇ ਬਖ਼ਸ਼ੇ।

ਮੁਹਜ਼ਬ-ਉਦ-ਦੀਨ : ਸੁਲਤਾਨ ਅਲਤਮਸ਼ ਦੇ ਵੇਲੇ ਜੁਨੈਦੀ ਦੀ ਸਲਾਹ ਦਾ ਮੁੱਲ ਪੈਂਦਾ ਸੀ। ਸੂਬਿਆਂ ਦੇ ਮਾਲਕ ਆਪਣੇ ਅੰਦਰਲੇ ਮਾਮਲਿਆਂ ਦੇ ਮੁਖ਼ਤਾਰ ਸਨ। ਪਰ ਇਹ ਹਰ ਗੱਲ ਵਿਚ ਦਖ਼ਲ ਦਿੰਦੀ ਹੈ। ਮੈਂ ਨਿਜ਼ਾਮ-ਉਲ-ਮੁਲਕ ਹਾਂ, ਪਰ ਮੈਥੋਂ ਕੋਈ ਗੱਲ ਨਹੀਂ ਪੁੱਛੀ ਜਾਂਦੀ। ਐਲਾਨ ਹੋਣ ਪਿਛੋਂ ਹੀ ਪਤਾ ਚਲਦਾ ਹੈ ਕਿ ਕੀ ਹੋ ਗਿਆ। ਕੋਈ ਅਣਖ ਵਾਲਾ ਅਮੀਰ ਇਹ ਗੱਲ ਬਰਦਾਸ਼ਤ ਨਹੀਂ ਕਰ ਸਕਦਾ।

ਅਲਪਤਗੀਨ : ਅਲਤੂਨੀਆਂ ਨੂੰ ਬਠਿੰਡੇ ਦਾ ਹਾਕਮ ਬਣਾ ਦਿੱਤਾ। ਉਸ ਨੂੰ ਅੱਗੇ ਲਿਆਉਣਾ ਚਾਹੁੰਦੀ ਹੈ। ਉਸ ਨੂੰ ਵਧੇਰੇ ਫ਼ੌਜ ਰੱਖਣ ਦੀ ਵੀ ਇਜਾਜ਼ਤ ਦਿੱਤੀ ਹੈ। ਉਸ ਨਾਲ ਇਹ ਰਿਆਇਤ ਕਿਉਂ ?

ਮੁਹਜ਼ਬ-ਉਦ-
ਦੀਨ : ਉਸ ਰਾਹੀਂ ਰੱਖਿਤਾਂ ਦਾ ਵਿਸ਼ਵਾਸ ਜਿੱਤਣਾ ਚਾਹੁੰਦੀ ਹੈ। ਕੁਝ ਅਮੀਰਾਂ ਨੇ ਇਸ ਗੱਲ ਦੀ ਵਿਰੋਧਤਾ ਕੀਤੀ। ਪਰ ਮੈਂ ਇਸ ਫ਼ੈਸਲੇ ਦੀ ਹਮਾਇਤ ਕੀਤੀ। ਮਲਿਕਾ ਨੂੰ ਵਿਸ਼ਵਾਸ ਦਵਾਇਆ ਕਿ ਮੈਂ ਉਸ ਦਾ ਵਫ਼ਾਦਾਰ ਹਾਂ।

ਬਲਬਨ : ਮੁਹਜ਼ਬ-ਉਦ-ਦੀਨ, ਤੂੰ ਯਾਕੂਤ ਦੇ ਨਵੇਂ ਅਹੁਦੇ ਦੀ ਹਮਾਇਤ ਕੀਤੀ ਪਰ ਮੈਂ ਨਹੀਂ ਕਰ ਸਕਦਾ। ਰੱਬ ਨੇ ਮੇਰੀ ਇਹ ਫ਼ਿਤਰਤ ਬਣਾਈ ਹੈ ਕਿ ਮੈਂ ਕਿਸੇ ਨੀਚ ਘਰਾਣੇ ਦੇ ਆਦਮੀ ਨੂੰ ਉੱਚੇ ਅਹੁਦੇ ਉਤੇ ਨਹੀਂ ਦੇਖ ਸਕਦਾ। ਇਸ ਤਬਕੇ ਦੇ ਲੋਕਾਂ ਉਤੇ ਨਜ਼ਰ ਪੈਂਦਿਆਂ ਹੀ ਮੇਰੇ ਜਿਸਮ ਨੂੰ ਅੱਗ ਲੱਗ ਜਾਂਦੀ ਹੈ।

(ਯਾਕੂਤ ਦਾਖ਼ਲ ਹੁੰਦਾ ਹੈ।)

ਯਾਕੂਤ : ਮਾਫ਼ ਕਰਨਾ ਮੈਂ ਤੁਹਾਡੀਆਂ ਗੱਲਾਂ ਵਿਚ ਵਿਘਨ ਪਾਇਆ ਹੈ।

ਮੁਹਜ਼ਬ-ਉਦ-
ਦੀਨ : ਨਹੀਂ ਯਾਕੂਤ, ਜਿਥੇ ਤਿੰਨ ਅਮੀਰ ਇਕੱਠੇ ਹੋਣ ਉਥੇ ਚੌਥਾ ਵੀ ਸ਼ਾਮਿਲ ਹੋ ਸਕਦਾ ਹੈ।

(ਅਗੇ ਵਧ ਕੇ ਹੱਥ ਮਿਲਾਉਂਦਾ ਹੈ।)

ਅਲਪਤਗੀਨ : ਹੁਣ ਤੂੰ ਅਮੀਰਿ-ਆਖ਼ੁਰ ਹੈਂ — ਸਲਤਨਤ ਦੀ ਰੱਖਿਆ ਦਾ ਜ਼ਿੰਮੇਦਾਰ। ਲੈ ਮੇਰੀ ਦੋਸਤੀ ਦਾ ਹੱਥ।

(ਹੱਥ ਮਿਲਾਉਂਦਾ ਹੈ ਅਤੇ ਜੱਫੀ ਪਾ ਕੇ ਮਿਲਦਾ ਹੈ। ਯਾਕੂਤ ਬਲਬਨ ਨਾਲ ਹੱਥ ਮਿਲਾਉਣ ਲਈ ਅੱਗੇ ਵਧਦਾ ਹੈ, ਪਰ ਉਹ ਹੱਥ ਨਹੀ ਮਿਲਾਉਂਦਾ।)

ਬਲਬਨ : ਮੈਂ ਝੂਠਾ ਹੱਥ ਮਿਲਾਉਣ ਦਾ ਹਾਮੀ ਨਹੀਂ।

ਯਾਕੂਤ : ਜੇ ਦਿਲ ਸਾਫ਼ ਹੋਵੇ ਤਾਂ ਹੱਥ ਮਿਲਾਉਣ ਦੀ ਲੋੜ ਵੀ ਨਹੀਂ।

ਬਲਬਨ : ਤੂੰ ਘੋੜਿਆਂ ਦਾ ਅਹੁਦੇਦਾਰ ਹੈਂ। ਸੁਲਤਾਨ ਏਬਕ ਆਪਣੇ ਘੋੜੇ ਤੋਂ ਡਿਗ ਕੇ ਹੀ ਮਰੇ ਸਨ। ਘੋੜੇ ਤੋਂ ਜ਼ਿਆਦਾ ਵਫ਼ਾਦਾਰ ਕੌਣ ਹੋਵੇਗਾ ? ਪਰ ਉਨ੍ਹਾਂ ਦਾ ਵਫ਼ਾਦਾਰ ਘੋੜਾ ਹੀ ਉਨ੍ਹਾਂ ਦੀ ਮੌਤ ਦਾ ਕਾਰਨ ਬਣਿਆ।

ਯਾਕੂਤ : ਹਰ ਸੁਲਤਾਨ ਆਪਣੇ ਅਮੀਰਾਂ ਦੀ ਵਫ਼ਾਦਾਰੀ ਦਾ ਸ਼ਿਕਾਰ ਹੁੰਦਾ ਹੈ।

ਮੁਹਜ਼ਬ-ਉਦ-
ਦੀਨ : ਤੇਰਾ ਮਤਲਬ ਹੈ ਕਿ ਸੁਲਤਾਨ ਸਿਰਫ਼ ਗ਼ੱਦਾਰ ਅਮੀਰਾਂ ਉਤੇ ਹੀ ਇਤਬਾਰ ਕਰੇ।

ਯਾਕੂਤ : ਦੁਸ਼ਮਣ ਦੀ ਚਾਲ ਤੁਸੀਂ ਸਮਝ ਸਕਦੇ ਹੋ, ਦੋਸਤ ਦੀ ਨਹੀਂ। ਦੁਸ਼ਮਨ ਦੀ ਮੱਕਾਰੀ ਪ੍ਰਤੱਖ ਹੁੰਦੀ ਹੈ, ਦੋਸਤ ਦੀ ਨਹੀਂ। ਇਸੇ ਲਈ ਅਕਸਰ ਉਹ ਲੋਕ ਦਗ਼ਾ ਦਿੰਦੇ ਹਨ, ਜਿਨ੍ਹਾਂ ਨੇ ਵਫ਼ਾਦਾਰੀ ਦਾ ਹਲਫ਼ ਚੁਕਿਆ ਹੋਵੇ।

ਬਲਬਨ : ਤੂੰ ਵੀ ਤਾਂ ਵਫ਼ਾਦਾਰੀ ਦਾ ਹਲਫ਼ ਚੁਕਿਆ ਹੈ। ਕੀ ਤੂੰ ਆਪਣੇ ਆਪ ਨੂੰ ਗ਼ੱਦਾਰ ਕਹੇਂਗਾ ?

ਯਾਕੂਤ : ਦਰਬਾਰੀ ਅਮੀਰ, ਘੋੜੇ ਤੇ ਤਲਵਾਰ ਵਾਂਗ ਹਨ। ਇਨ੍ਹਾਂ ਨੂੰ ਸੁਲਤਾਨ ਜਿਸ ਤਰ੍ਹਾਂ ਚਾਹੇ ਵਰਤੇ। ਕਈ ਵਾਰ ਜਿਹੜੀ ਤਲਵਾਰ ਕਿਸੇ ਸੁਲਤਾਨ ਦੀ ਰਖਿਅੱਕ ਰਹੀ ਹੋਵੇ, ਉਹੀ ਉਸ ਦਾ ਸਿਰ ਵੱਢਦੀ ਹੈ।

ਅਲਪਤਗੀਨ : ਸੁਲਤਾਨ ਰਜ਼ੀਆ ਤੇਰੇ ਤੇ ਬਹੁਤ ਖ਼ੁਸ਼ ਹੈ। ਉਸ ਦੀ ਜੀਭ ਤੋਂ ਕਿਸੇ ਅਮੀਰ ਦੀ ਤਾਰੀਫ਼ ਵਿਚ ਕੋਈ ਸ਼ਬਦ ਘਟ ਹੀ ਨਿਕਲਦਾ ਹੈ। ਤੂੰ ਖ਼ੁਸ਼ਨਸੀਬ ਹੈਂ।

ਬਲਬਨ : ਯਾਕੂਤ, ਇਸ ਖ਼ੁਸ਼ਫ਼ਹਿਮੀ ਵਿਚ ਨਾ ਰਹੀਂ। ਜੋ ਅਮੀਰ ਅੱਜ ਸੁਲਤਾਨ ਦੇ ਨੇੜੇ ਹੈ, ਕਲ੍ਹ ਨੂੰ ਕੋਹਾਂ ਦੀ ਦੂਰੀ ਤੇ ਹੋਵੇਗਾ। ਸ਼ਾਹੀ ਮਿਹਰ ਤੇ ਕਹਿਰ ਨਾਲ ਨਾਲ ਚਲਦੇ ਹਨ। ਸ਼ਾਇਦ ਅਲਪਤਗੀਨ ਤੇਰੇ ਨਾਲ ਈਰਖਾ ਕਰੇ, ਪਰ ਮੈਨੂੰ ਤਰਸ ਆਉਂਦਾ ਹੈ। ਤੈਨੂੰ ਪਤਾ ਨਹੀਂ ਕਿ ਲੋਕ ਤੇਰੇ ਬਾਰੇ ਕੀ ਆਖਦੇ ਹਨ।

ਯਾਕੂਤ : ਮੈਂ ਆਪਣਾ ਫ਼ਰਜ਼ ਚੰਗੀ ਤਰ੍ਹਾਂ ਸਮਝਦਾ ਹਾਂ। ਜੇ ਲੋਕਾਂ ਦੀਆਂ ਗੱਲਾਂ ਉਤੇ ਜਾਵਾਂ ਤਾਂ ਆਥਣ ਤਕ ਇਹ ਤਲਵਾਰ ਕਈ ਸਿਰਾਂ ਨੂੰ ਧੜ ਤੋਂ ਲਾਹ ਸੁਟੇ। ਜ਼ਿੰਮੇਦਾਰੀ ਦੇ ਅਹੁਦੇ ਉਤੇ ਹਾਂ, ਇਸ ਲਈ ਜੀਭ ਤੇ ਤਲਵਾਰ ਨੂੰ ਕਾਬੂ ਵਿਚ ਰਖਦਾ ਹਾਂ।

(ਜਾਂਦਾ ਹੈ।)

ਮੁਹਜ਼ਬ-ਉਦ-ਦੀਨ : ਉਸ ਦੀ ਗੁਸਤਾਖ਼ੀ ਵੇਖੀ ? ਨਵੇਂ ਅਹੁਦੇ ਨੇ ਇਸ ਨੂੰ ਗ਼ਰੂਰ ਨਾਲ ਅੰਨ੍ਹਾਂ ਕਰ ਦਿਤਾ ਹੈ।

ਬਲਬਨ : ਮਲਿਕਾ ਚਾਹੇ ਇਸ ਨੂੰ ਕੋਈ ਖ਼ਿਲਅੱਤ ਪਹਿਨਾ ਦੇਵੇ, ਇਹ ਫਿਰ ਵੀ ਘਟੀਆ ਗ਼ੁਲਾਮ ਹੀ ਰਹੇਗਾ।

(ਮੁਹਜ਼ਬ-ਉਦ-ਦੀਨ ਤੇ ਅਲਪਤਗੀਨ ਜਾਂਦੇ ਹਨ। ਜ਼ੈਨਬ ਗ਼ੁੱਸੇ ਨਾਲ ਭਰੀ ਦਾਖ਼ਿਲ ਹੁੰਦੀ ਹੈ।)

ਕੀ ਗੱਲ ਹੈ ? ਤੂੰ ਏਨੀ ਪਰੇਸ਼ਾਨ ਕਿਉਂ ਹੈਂ ?

ਜ਼ੈਨਬ : ਹਰ ਰੋਜ਼ ਕਿਸੇ ਨਾ ਕਿਸੇ ਬਹਾਨੇ ਸਾਡੀ ਬੇਇੱਜ਼ਤੀ ਕੀਤੀ ਜਾਂਦੀ ਹੈ। ਤਾਜਪੋਸ਼ੀ ਦੇ ਕੁਝ ਦਿਨਾਂ ਪਿਛੋਂ ਹੀ ਹੁਕਮ ਮਿਲਦਾ ਹੈ ਕਿ ਬਾਂਦੀਆਂ ਦੀ ਗਿਣਤੀ ਘਟ ਕਰੋ। ਆਖਦੀ ਹੈ ਏਨੇ ਗ਼ੁਲਾਮਾਂ ਤੇ ਕਨੀਜ਼ਾਂ ਦੀ ਕੀ ਲੋੜ ਹੈ।

ਬਲਬਨ : ਜਦੋਂ ਲੱਕੜਹਾਰੇ ਨੇ ਬ੍ਰਿਛ ਵੱਢਣਾ ਹੋਵੇ ਤਾਂ ਸਭ ਤੋਂ ਪਹਿਲਾਂ ਉਹ ਇਸ ਦੀਆਂ ਟਹਿਣੀਆਂ ਛਾਂਗਦਾ ਹੈ।

ਜ਼ੈਨਬ : ਮੈਂ ਵੀ ਸ਼ਾਹੀ ਖ਼ਾਨਦਾਨ ਵਿਚੋਂ ਹਾਂ। ਮੇਰੀਆਂ ਰਗਾਂ ਵਿਚ ਵੀ ਉਹੀ ਸ਼ਮਸੀ ਖ਼ੂਨ ਹੈ। ਸਾਡੇ ਨਿੱਜੀ ਪਹਿਰੇਦਾਰਾਂ ਨੂੰ ਹਟਾ ਦਿਤਾ। ਆਖਦੀ ਹੈ ਸੁਲਤਾਨ ਆਪਣੀ ਪਰਜਾ ਦਾ ਰਾਖਾ ਹੈ। ਫਿਰ ਪਰਜਾ ਨੂੰ ਕੀ ਲੋੜ ਹੈ ਕਿ ਆਪਣੀ ਰੱਖਿਆ ਲਈ ਪਹਿਰੇਦਾਰਾਂ ਦੀ ਫ਼ੌਜ ਰਖੇ।

ਬਲਬਨ : ਉਹ ਸਾਨੂੰ ਘਟਾ ਕੇ ਆਮ ਆਦਮੀਆਂ ਦੇ ਦਰਜੇ ਤਕ ਲਿਆਉਣਾ ਚਾਹੁੰਦੀ ਹੈ। ਤੇਰੀ ਸ਼ਾਹੀ ਅਣਖ ਨੂੰ ਮੇਟ ਕੇ ਉਹ ਇਕੱਲੀ ਸ਼ਮਸੀ ਦਰਬਾਰ ਵਿਚ ਚਮਕਣਾ ਚਾਹੁੰਦੀ ਹੈ।

ਜ਼ੈਨਬ : ਇਕੱਲੀ ਕਿਉਂ, ਉਸ ਹਬਸ਼ੀ ਗ਼ੁਲਾਮ ਨੂੰ ਵੀ ਆਪਣੀ ਸ਼ਾਨੋ-ਸ਼ੌਕਤ ਵਿਚ ਸ਼ਰੀਕ ਕਰੇਗੀ। ਉਸ ਨੇ ਖ਼ਾਨਦਾਨ ਦੀ ਇੱਜ਼ਤ ਨੂੰ ਮਿੱਟੀ ਵਿਚ ਮਿਲਾ ਦਿਤਾ। ਅੱਬਾ ਦੇ ਪਵਿੱਤਰ ਨਾਂ ਨੂੰ ਧੱਬਾ ਲਾ ਦਿਤਾ। ਸੋਚਣ ਵਾਲੀ ਗੱਲ ਹੈ, ਸੁਲਤਾਨ ਅਲਤਮਸ਼ ਦੀ ਧੀ ਤੇ ਏਨੀ ਡਿੱਗ ਪਵੇ। ਕੀ ਸਾਡੇ ਸਾਰੇ ਤੁਰਕ ਅਮੀਰ ਨਾਮਰਦ ਹੋ ਗਏ ਜੋ ਇਹ ਉਸ ਨੀਚ ਹਬਸ਼ੀ ਨਾਲ ਸੰਬੰਧ ਜੋੜੇ ?

ਬਲਬਨ : ਤੂੰ ਉਸ ਨਾਲ ਗੱਲ ਕੀਤੀ ?

ਜ਼ੈਨਬ : ਉਹ ਮੈਨੂੰ ਮਿਲਦੀ ਹੀ ਕਦੋਂ ਹੈ। ਨਾ ਕੋਈ ਭੈਣਾਂ ਵਾਲਾ ਵਰਤਾਉ ਨਾ

ਲਿਹਾਜ਼। ਬਸ ਉਸ ਦੇ ਮੂੰਹ ਵੱਟ ਨੌਕਰਾਂ ਤੋਂ ਬੇਇੱਜ਼ਤੀ ਜ਼ਰੂਰ ਹੁੰਦੀ ਹੈ।
ਹੁਣੇ ਹੁਣੇ ਇਕ ਬਦਤਮੀਜ਼ ਗ਼ੁਲਾਮ ਨੇ ਨਵਾਂ ਹੁਕਮ ਸੁਣਾਇਆ।

ਬਲਬਨ : ਕਿਹਾ ਹੁਕਮ ?

ਜੈਨਬ : ਫ਼ੀਰੋਜ਼ੀ ਕਿਲ੍ਹੇ ਵਿਚੋਂ ਸਾਨੂੰ ਆਪਣਾ ਮਹਿਲ ਖ਼ਾਲੀ ਕਰਨਾ ਪਵੇਗਾ। ਸਾਡੇ ਸਾਮਾਨ ਨੂੰ ਹੁਣੇ ਤੋਂ ਪੱਛਮੀ ਹਿੱਸੇ ਵਿਚ ਪਹੁੰਚਾ ਦਿਤਾ ਗਿਆ ਹੈ। ਜਿਥੇ ਅਸੀਂ ਇਤਨੇ ਸੁਹਾਵਣੇ ਦਿਨ ਗੁਜ਼ਾਰੇ ਉਥੇ ਹੁਣ ਇਸ ਕਾਲੇ ਹਬਸ਼ੀ ਦਾ ਮਨਹੂਸ ਪਰਛਾਵਾਂ ਪਵੇਗਾ।

ਬਲਬਨ : (ਫ਼ਰਮਾਨ ਦੇਖ ਕੇ ਗ਼ੁੱਸੇ ਨਾਲ ਸੁਟ ਦੇਂਦਾ ਹੈ।) ਇਹ ਤਾਂ ਅੰਤ ਹੋ ਗਈ ਕੋਈ ਵੀ ਇਸਨੂੰ ਬਰਦਾਸ਼ਤ ਨਹੀਂ ਕਰ ਸਕਦਾ।

(ਅਜ਼ਾਨ ਦੀ ਆਵਾਜ਼ ਸੁਣਾਈ ਦੇਂਦੀ ਹੈ।)

ਨਮਾਜ਼ ਦਾ ਵੇਲਾ ਹੋ ਗਿਆ। ਮੇਰੇ ਅੰਦਰ ਜੋ ਤੂਫ਼ਾਨ ਝੁੱਲ ਰਿਹਾ ਸੀ, ਉਹ ਠੱਲ੍ਹ ਗਿਆ। ਕੁਰਾਨ ਸ਼ਰੀਫ਼ ਮੈਨੂੰ ਅੰਦਰ ਦੀ ਰੌਸ਼ਨੀ ਦੇਂਦਾ ਹੈ, ਪਰ ਜਦੋਂ ਮੈਂ ਰਾਜਨੀਤੀ ਬਾਰੇ ਸੋਚਦਾ ਹਾਂ ਤਾਂ ਕੁਰਾਨ ਆਲੇ ਵਿਚ ਰਖ ਦਿੰਦਾ ਹਾਂ ਤਾਂ ਜੁ ਅੱਲਾਹ ਤਾਲਾ ਦੇ ਸੁੰਦਰ ਸ਼ਬਦ ਮੇਰੀ ਸੋਚ ਨੂੰ ਧੁੰਧਲਾ ਨਾ ਦੇਣ। ਰਾਜਨੀਤੀ ਇਕ ਅਜਿਹਾ ਬ੍ਰਿਛ ਹੈ ਕਿ ਜੇ ਇਸ ਦੀਆਂ ਜੜ੍ਹਾਂ ਨਰਕ ਵਿਚ ਹੋਣ ਤਾਂ ਹੀ ਇਸ ਦੇ ਪੱਤੇ ਤਾਰਿਆਂ ਨੂੰ ਛੋਹ ਸਕਦੇ ਹਨ। ਮਹਾਨਤਾ ਦਾ ਤਾਜ ਹਾਸਿਲ ਕਰਨ ਲਈ ਨੀਚਤਾ ਦੀ ਗਹਿਰੀ ਖਾਈ ਵਿਚ ਉਤਰਨਾ ਪੈਂਦਾ ਹੈ....ਇਕ ਧੁੰਦਲਾ ਜਿਹਾ ਖ਼ਾਕਾ ਮੇਰੇ ਮਨ ਵਿਚ ਉਭਰਦਾ ਹੈ, ਪਰ ਇਸ ਦੀ ਕੋਈ ਸ਼ਕਲ ਨਹੀਂ।

ਜੈਨਬ : ਕਿਹਾ ਖ਼ਾਕਾ ?

ਬਲਬਨ : ਇਸ ਸਲਤਨਤ ਦਾ ਖ਼ਾਕਾ। ਇਹ ਸਲਤਨਤ ਨਾ ਇਸਲਾਮੀ ਅਸੂਲਾਂ ਨਾਲ ਚਲ ਸਕਦੀ ਹੈ, ਨਾ ਇਨਸਾਨੀ ਅਸੂਲਾਂ ਨਾਲ। ਸਿਰਫ਼ ਤਲਵਾਰ ਨਾਲ। ਕਿਸੇ ਸੁਲਤਾਨ ਨੇ ਅੱਜ ਤਕ ਇਸਲਾਮੀ ਅਸੂਲਾਂ ਨੂੰ ਨਹੀਂ ਮੰਨਿਆ। ਉਨ੍ਹਾਂ ਨੇ ਸ਼ੇਖ਼ਾਂ ਤੇ ਇਮਾਮਾਂ ਨੂੰ ਪਾਲਿਆ ਤਾਂ ਜੁ ਉਹ ਅੱਲਾਹ ਦਾ ਨਾਂ ਲੈ ਕੇ ਲੋਕਾਂ ਉਤੇ ਭੌਂਕ ਸਕਣ। ਪਰ ਉਨ੍ਹਾਂ ਦੇ ਸ਼ਬਦਾਂ ਵਲ ਕਦੀ ਧਿਆਨ ਨਾ ਦਿਤਾ। ਉਨ੍ਹਾਂ ਉਤੇ ਕਦੇ ਵਿਸ਼ਵਾਸ ਨਾ ਕੀਤਾ। ਸਿਰਫ਼ ਤਲਵਾਰ ਉਤੇ। ਇਹ ਕੁਤਬ ਮੀਨਾਰ ਫ਼ਤਿਹ ਦੀ ਨਿਸ਼ਾਨੀ ਹੈ — ਕਤਲ ਤੇ ਲਹੂ ਨਾਲ ਲਿਖੜੀ ਹੋਈ ਕਹਾਣੀ। ਇਸ ਦੀ ਨੀਂਹ ਵਿਚ ਪੱਥਰ ਤੇ ਇੱਟਾਂ ਨਹੀਂ, ਸਗੋਂ ਮਨੁੱਖਾਂ ਦਾ ਲਹੂ ਹੈ। ਇਸ ਦੀ ਚਿਣਾਈ ਵਿਚ ਲੋਕਾਂ ਦੀਆਂ ਹੱਡੀਆਂ ਦੀ ਮਮਿਆ ਘੋਲੀ ਗਈ ਤਾਂ ਜੁ ਇਹ ਮੀਨਾਰ ਖੜਾ ਰਹੇ। ਫਿਰ ਇਸ ਉਤੇ ਕੁਰਾਨ ਸ਼ਰੀਫ਼ ਦੀਆਂ ਆਇਤਾਂ ਖੁਦਵਾ ਦਿਤੀਆਂ ਤਾਂ ਜੁ ਲੋਕ ਰੱਬ ਨੂੰ ਯਾਦ ਰਖਣ ਤੇ ਸੁਲਤਾਨ ਨੂੰ ਦੁਆ ਦੇਣ। ਸਲਤਨਤ ਦੀ ਬੁਨਿਆਦ ਖ਼ੂਨ ਉਤੇ ਹੈ, ਕਤਲ ਉਤੇ, ਤਾਕਤ ਉਤੇ। ਜੋ ਸੁਲਤਾਨ ਇਸ ਭੇਦ ਨੂੰ ਨਹੀਂ ਜਾਣ ਸਕਿਆ, ਉਹ ਬਹੁਤਾ ਚਿਰ ਤਖ਼ਤ ਉਤੇ ਨਹੀਂ ਰਹਿ ਸਕਦਾ।

(ਚਲਦਾ)

## ਸੀਨ ਦੂਜਾ

(ਰਜ਼ੀਆ ਤੇ ਯਾਕੂਤ ਦਾਖ਼ਿਲ ਹੁੰਦੇ ਹਨ।)

ਯਾਕੂਤ : ਜੀ ਹਾਂ, ਘੋੜੇ ਦੀ ਉਮਰ ਦੰਦਾਂ ਨੂੰ ਦੇਖ ਕੇ ਪਛਾਣੀ ਜਾਂਦੀ ਹੈ ਤੇ ਉਸ ਦਾ ਸੁਭਾਅ ਵੀ।

ਰਜ਼ੀਆ : (ਹੱਸਦੀ ਹੈ।) ਤੇ ਮਨੁੱਖ ਦੀ ਪਛਾਣ ?

ਯਾਕੂਤ : ਉਹ ਪਲ ਪਲ ਬਦਲਦਾ ਹੈ। ਘੋੜੇ ਤੇ ਕੁੱਤੇ ਵਾਂਗ ਸਦਾ ਵਫ਼ਾਦਾਰ ਨਹੀਂ ਰਹਿੰਦਾ।

ਰਜ਼ੀਆ : ਜਾਣਦੀ ਹਾਂ। ਇਸੇ ਲਈ ਦਰਬਾਰ ਦੇ ਕਿਸੇ ਅਮੀਰ ਉੱਤੇ ਮੈਨੂੰ ਵਿਸ਼ਵਾਸ ਨਹੀਂ। ਸਾਰੇ ਇਕ ਦੂਜੇ ਦੀ ਪਿੱਠ ਵਿਚ ਛੁਰਾ ਘੋਪਣ ਲਈ ਤਿਆਰ ਰਹਿੰਦੇ ਹਨ। ਵਿਸ਼ਵਾਸ ਕਰਕੇ ਕੋਈ ਸੁਲਤਾਨ ਹਕੂਮਤ ਨਹੀਂ ਕਰ ਸਕਦਾ। ਵਿਸ਼ਵਾਸ ਦਾ ਅਰਥ ਹੈ ਅੱਖਾਂ ਬੰਦ ਕਰ ਲੈਣੀਆਂ।

ਯਾਕੂਤ : ਫਿਰ ਤੁਸੀਂ ਮੇਰੇ ਤੇ ਇਤਨਾ ਵਿਸ਼ਵਾਸ ਕਿਉਂ ਕਰਦੇ ਹੋ ?

ਰਜ਼ੀਆ : ਤੂੰ ਇਨ੍ਹਾਂ ਅਮੀਰਾਂ ਨਾਲੋਂ ਬਿਲਕੁਲ ਵੱਖਰਾ ਹੈਂ। ਭਲਾ ਦਸ, ਜਦੋਂ ਮੈਂ ਤੈਨੂੰ ਜ਼ਿਆ-ਉਲ-ਮੁਲਕ ਦਾ ਖ਼ਿਤਾਬ ਦਿਤਾ ਤਾਂ ਤੂੰ ਇਨਕਾਰ ਕਿਉਂ ਕਰ ਦਿਤਾ।

ਯਾਕੂਤ : ਮੈਂ ਆਪਣੇ ਆਪ ਨੂੰ ਇਸ ਰੁਤਬੇ ਦੇ ਯੋਗ ਨਹੀਂ ਸਮਝਦਾ। ਜਦੋਂ ਮੈਨੂੰ ਅਰਬ ਸਾਗਰ ਦੇ ਰਸਤਿਉਂ ਲਿਆਂਦਾ ਗਿਆ ਤਾਂ ਸਮੁੰਦਰੀ ਡਾਕੂਆਂ ਨੇ ਸਾਡੇ ਜਹਾਜ਼ ਤੇ ਹਮਲਾ ਕੀਤਾ ਤੇ ਕੀਮਤੀ ਸਾਮਾਨ ਨਾਲ ਮੈਨੂੰ ਵੀ ਲੈ ਗਏ। ਬਗ਼ਦਾਦ, ਬੁਖ਼ਾਰਾ, ਸਮਰਕੰਦ — ਉਹ ਮੈਨੂੰ ਯਾਕੂਤ ਦੇ ਭਾਅ ਵੇਚਣਾ ਚਾਹੁੰਦੇ ਸਨ। ਕਿਤੇ ਵੀ ਮੇਰਾ ਬਹੁਤਾ ਮੁੱਲ ਨਾ ਪਿਆ। ਅਖ਼ੀਰ ਉਨ੍ਹਾਂ ਨੇ ਮੇਰੀ ਸੱਜੀ ਬਾਂਹ ਉੱਤੇ ਤਪਦੇ ਹੋਏ ਲੋਹੇ ਦਾ ਠੱਪਾ ਲਾ ਕੇ ਗ਼ਜ਼ਨੀ ਦੇ ਬਾਜ਼ਾਰ ਵਿਚ ਵੇਚ ਦਿਤਾ। ਤੁਹਾਡੇ ਦਰਬਾਰ ਵਿਚ ਸਾਰੇ ਅਮੀਰ ਠੱਪੇ ਦੇ ਇਸ ਦਾਗ਼ ਨੂੰ ਦੇਖਦੇ ਹਨ, ਪਰ ਤੁਹਾਡੀ ਨਜ਼ਰ ਇਸ ਤੇ ਨਹੀਂ ਪੈਂਦੀ।

ਰਜ਼ੀਆ : ਤੂੰ ਬਹਾਦਰ ਤੇ ਵਫ਼ਾਦਾਰ ਹੈਂ। ਇਸ ਦਾ ਕੋਈ ਮੁੱਲ ਨਹੀਂ।

ਯਾਕੂਤ : ਮੈਂ ਗ਼ੁਲਾਮ ਹਾਂ। ਗ਼ੁਲਾਮੀ ਵੀ ਇਕ ਸਲਤਨਤ ਹੈ ਜਿਸ ਦਾ ਸਵਾਦ ਮੈਂ ਹੀ ਜਾਣਦਾ ਹਾਂ। ਜਦੋਂ ਸਮੁੰਦਰੀ ਡਾਕੂ ਮੈਨੂੰ ਕੋਰੜੇ ਮਾਰਦੇ ਤਾਂ ਮੇਰੀ ਪਿੱਠ ਲਹੂ ਲੁਹਾਨ ਹੋ ਜਾਂਦੀ। ਲਹਿਰਾਂ ਦੀਆਂ ਛੱਲਾਂ, ਹਨੇਰਾ ਤੇ ਬੁੱਲ੍ਹਾਂ ਉੱਤੇ ਲੂਣੀ ਝੱਗ। ਮੈਂ ਬੇਹੋਸ਼ ਹੋ ਕੇ ਡਿੱਗ ਪੈਂਦਾ। ਸੁਪਨੇ ਵਿਚ ਉਡਦੇ ਹੋਏ ਘੋੜੇ, ਸੁਨਹਿਰੀ ਮਹਿਲ ਤੇ ਸ਼ਾਹਜ਼ਾਦੀਆਂ ਦਿਖਾਈ ਦੇਂਦੀਆਂ। ਸਭ ਕੁਝ ਕਾਲਪਨਿਕ। ਅਸਲੀਅਤ ਤੋਂ ਦੂਰ। ਮੈਂ ਸੋਚਦਾ ਸ਼ਾਹਜ਼ਾਦੀ ਦਾ ਕੋਈ ਵਜੂਦ ਨਹੀਂ ਹੁੰਦਾ। ਸਭ ਫ਼ਰਜ਼ੀ ਤੇ ਨਕਲੀ। ਬਿਲਕੁਲ ਮਨ-ਘੜਤ — ਜਿਸ ਨੂੰ ਮਨੁੱਖ ਛੋਹ ਨਹੀਂ ਸਕਦਾ। ਪਰ ਮਲਿਕਾ, ਤੁਸੀਂ ਸਭ ਤੋਂ ਵੱਡੀ ਅਸਲੀਅਤ ਹੋ — ਨੂਰ ਵਿਚ ਭਿੱਜੀ ਹੋਈ ਅਸਲੀਅਤ, ਜਿਸ ਦੀ ਝਾਲ ਮੈਂ ਨਹੀਂ ਝੱਲ ਸਕਦਾ। ਦਰਬਾਰ ਦੇ ਅਮੀਰ ਤੁਹਾਡੇ ਸਾਹਮਣੇ ਅਦਬ ਨਾਲ ਸਿਰ ਝੁਕਾਉਂਦੇ ਹਨ, ਪਰ ਈਰਖਾ ਪਾਲਦੇ ਹਨ ਕਿ ਤੁਸੀਂ ਇਕ ਤੁਛ ਗ਼ੁਲਾਮ ਤੇ ਕਿਉਂ ਮਿਹਰਬਾਨ ਹੋ ਗਏ।

ਰਜ਼ੀਆ : ਜਦੋਂ ਮੈਂ ਸਵਾਰੀ ਕਰਕੇ ਮੁੜਦੀ ਹਾਂ ਤਾਂ ਮੇਰੀ ਤਾਕਤ, ਮੇਰੀ ਸੋਚ, ਮੇਰੇ ਜਜ਼ਬੇ ਸੌ ਗੁਣਾ ਹੋ ਜਾਂਦੇ ਹਨ। ਇਉਂ ਜਾਪਦਾ ਹੈ ਜਿਵੇਂ ਮੈਂ ਪਥਰੀਲੀ ਧਰਤੀ ਹੋਵਾਂ ਜਿਸ ਉੱਤੇ ਘੋੜਿਆਂ ਦੀਆਂ ਟਾਪਾਂ ਗੂੰਜਦੀਆਂ ਹਨ। ਰਾਤ ਦੇ ਹਨੇਰੇ ਵਿਚ

ਮੈਨੂੰ ਹਾਕਾਂ ਸੁਣਦੀਆਂ ਹਨ — ਵਹਿਸ਼ੀ ਹਿਣਹਿਣਾਹਟ — ਜੋ ਆਸਮਾਨ ਚੀਰਦੀ ਹੋਈ ਕਿਤੇ ਗੁਆਚ ਜਾਂਦੀ ਹੈ। ਕਾਸ਼, ਮੈਂ ਰਾਤਾਂ ਨੂੰ ਜੰਗਲ ਵਿਚ ਘੁੰਮ ਸਕਦੀ। ਸਾਰੀ ਰਾਤ ਰੇਤੇ ਤੇ ਪਈ ਤਾਰਿਆਂ ਦਾ ਤਲਿਸਮ ਦੇਖ ਸਕਦੀ। ਪਰ ਇਹ ਸੱਧਰ ਦਿਲ ਵਿਚ ਹੀ ਰਹੀ। ਮੈਂ ਤੇਰ੍ਹਾਂ ਸਾਲ ਦੀ ਸਾਂ ਤਾਂ ਖ੍ਵਾਜਾ ਬਖ਼ਤਿਆਰ ਕਾਕੀ ਨੇ ਮੇਰਾ ਮੱਥਾ ਦੇਖ ਕੇ ਆਖਿਆ ਸੀ, "ਤੇਰੀ ਕਿਸਮਤ ਵਿਚ ਸ਼ਾਹੀ ਤਾਜ ਹੈ, ਪਰ ਤੂੰ ਜੋਗਣਾਂ ਵਾਲਾ ਜੀਵਨ ਬਿਤਾਏਂਗੀ।" ਉਹੀ ਹੋਇਆ। ਮੈਂ ਭਰੇ ਹੋਏ ਮਹਿਲ ਵਿਚ ਰਹਿੰਦੀ ਹੋਈ ਵੀ ਇਕੱਲੀ ਮਹਿਸੂਸ ਕਰਦੀ ਹਾਂ।

ਯਾਕੂਤ : ਮੇਰੀ ਮਲਿਕਾ, ਤੁਹਾਨੂੰ ਕੀ ਦੁੱਖ ਹੈ ?

ਰਜ਼ੀਆ : ਜੇ ਔਰਤ ਇਕੱਲੀ ਹੋਵੇ ਤਾਂ ਮਰਦਾਂ ਨਾਲੋਂ ਕਿਤੇ ਵਧੇਰੇ ਇਕੱਲੀ ਹੁੰਦੀ ਹੈ। ਲੋਕਾਂ ਦੇ ਵਿਚਕਾਰ ਮੈਂ ਦਰਬਾਰੀਆਂ ਦੇ ਇਕੱਠ ਵਿਚ, ਸ਼ਾਹੀ ਜਸ਼ਨਾਂ ਵਿਚ, ਇਕੱਲੀ ਇਕੱਲੀ ਹਾਂ।

ਯਾਕੂਤ : ਇਹ ਇਕੱਲ ਇਕ ਹੁਕਮਰਾਨ ਲਈ ਦੁਆ ਹੈ।

ਰਜ਼ੀਆ : ਪਰ ਮੇਰੇ ਲਈ ਬਦਦੁਆ। ਮੈਂ ਇਸ ਤੋਂ ਪਹਿਲਾਂ ਕਦੇ ਮਰਦ ਬਾਰੇ ਨਹੀਂ ਸੀ ਸੋਚਿਆ। ਅੱਬਾ ਜੀਉਂਦੇ ਸਨ ਤਾਂ ਮੈਂ ਮਹਿਲ ਦੇ ਕੰਮਾਂ ਵਿਚ ਰੁੱਝੀ ਰਹੀ। ਹਰ ਅਮੀਰ ਉਨ੍ਹਾਂ ਦੇ ਪੈਰ ਚੱਟਦਾ ਤਾਂ ਮੈਨੂੰ ਉਸ ਤੋਂ ਨਫ਼ਰਤ ਹੁੰਦੀ। ਯਾਕੂਤ, ਤੂੰ ਇਨ੍ਹਾਂ ਤੋਂ ਵੱਖਰਾ ਹੈਂ। ਮੈਨੂੰ ਤੇਰੀ ਲੋੜ ਹੈ।

ਯਾਕੂਤ : ਤੁਸੀਂ ਮਲਿਕਾ ਹੋ।

ਰਜ਼ੀਆ : ਮੈਂ ਕੇਵਲ ਮਲਿਕਾ ਨਹੀਂ, ਔਰਤ ਵੀ ਹਾਂ। ਇਸ ਔਰਤ ਨੂੰ ਮੈਂ ਜ਼ੱਰਾ-ਬਕਤਰ ਵਿਚ ਲੁਕੋ ਕੇ ਰਖਿਆ, ਪਰ ਇਸ ਦੀ ਅੱਗ ਮੇਰੇ ਸਰੀਰ ਨੂੰ ਝੁਲਸਦੀ ਰਹੀ ਅਤੇ ਮੈਂ ਅੰਦਰ ਹੀ ਅੰਦਰ ਜਲਦੀ ਰਹੀ। ਇਸ ਅੱਗ ਵਿਚ ਰੰਗਾਂ, ਨਸਲ ਤੇ ਮੁਲਕਾਂ ਦੀਆਂ ਹੱਦਾਂ ਪਿਘਲ ਗਈਆਂ ਹਨ।

ਯਾਕੂਤ : ਮੇਰੀ ਮਲਿਕਾ, ਮੇਰੇ ਅੰਦਰ ਹਬਸ਼ ਦੇਸ਼ ਦੇ ਥਲ ਸਿਮਟ ਆਏ ਹਨ। ਮੇਰੇ ਬਜ਼ੁਰਗਾਂ ਦੀਆਂ ਰੂਹਾਂ ਮੇਰੇ ਅੰਦਰ ਕੈਦ ਹਨ ਅਤੇ ਜਜ਼ਬੇ ਜ਼ੰਜੀਰਾਂ ਨਾਲ ਬੰਨ੍ਹੇ ਹੋਏ। ਤੁਹਾਡੀ ਮਿਹਰ ਦੀ ਚੰਗਿਆੜੀ ਖ਼ੁਸ਼ਕ ਘਾਹ ਦੇ ਇਸ ਜੰਗਲ ਨੂੰ ਜਲਾ ਕੇ ਰਾਖ ਕਰ ਦੇਵੇਗੀ।

(ਉਹ ਅਗੇ ਵਧ ਕੇ ਰਜ਼ੀਆ ਨੂੰ ਚੁੰਮਦਾ ਹੈ।)

ਰਜ਼ੀਆ : ਯਾਕੂਤ!

ਯਾਕੂਤ : ਕਦੇ ਨਹੀਂ ਸੀ ਸੋਚਿਆ ਕਿ ਇਹ ਖੁਰਦਰੇ ਹੱਥ ਇਕ ਮਲਿਕਾ ਦੇ ਬਿਲੌਰੀ ਹੱਥਾਂ ਨੂੰ ਛੋਹਣਗੇ। ਇਹ ਬੁੱਲ੍ਹ ਜੋ ਅਜ ਤਕ ਧਰਤੀ ਚੁੰਮਣ ਦੇ ਆਦੀ ਸਨ, ਤੁਹਾਡੇ ਬੁੱਲ੍ਹਾਂ ਤਕ ਪਹੁੰਚ ਸਕਣਗੇ। ਮੇਰੇ ਸਰੀਰ ਵਿਚ ਝਰਨਾਟ ਦੌੜ ਗਈ ਹੈ, ਇਕ ਅਜੀਬ ਕੰਬਣੀ ਜੋ ਮੇਰੇ ਰੋਮ ਰੋਮ ਵਿਚ ਰਚ ਗਈ ਹੈ। ਇਹ ਖ਼ੁਸ਼ੀ ਮੈਨੂੰ ਪਾਗਲ ਕਰ ਦੇਵੇਗੀ। ਇਹ ਮੁਹੱਬਤ ਨਹੀਂ, ਇਹ ਇਕ ਕ੍ਰਿਸ਼ਮਾ ਹੈ। ਯਕੀਨ ਨਹੀਂ ਆਉਂਦਾ। ਡਰਦਾ ਹਾਂ ਕਿਤੇ ਕੋਈ ਰੱਬੀ ਕਹਿਰ ਨਾ ਟੁਟ ਪਵੇ।

(ਉਹ ਦੋਵੇਂ ਇਕ ਦੂਜੇ ਦੀਆਂ ਬਾਹਵਾਂ ਵਿਚ ਹਨ।)

(ਹਨੇਰਾ)

## ਸੀਨ ਤੀਜਾ

(ਰਜ਼ੀਆ ਮਹਿਲ ਵਿਚ ਪਰੇਸ਼ਾਨ ਘੁੰਮ ਰਹੀ ਹੈ। ਸ਼ਾਹੀ ਹਕੀਮ ਦਾਖ਼ਿਲ ਹੁੰਦਾ ਹੈ।)

ਸ਼ਾਹੀ ਹਕੀਮ : ਤੁਹਾਨੂੰ ਦੇਖ ਕੇ ਸਾਰਾ ਮਹਿਲ ਫ਼ਿਕਰਮੰਦ ਹੈ। ਕੱਲ੍ਹ ਰਾਤ ਵੀ ਤੁਹਾਨੂੰ ਇਸ ਤਰ੍ਹਾਂ ਬੇਚੈਨ ਘੁੰਮਦੇ ਦੇਖਿਆ ਗਿਆ। ਤੁਹਾਡੇ ਹੱਥ ਵਿਚ ਖ਼ੰਜਰ ਸੀ। ਜਦ ਬੁੱਢੀ ਦਾਈ ਨੇ ਮੈਨੂੰ ਇਹ ਗੱਲ ਦਸੀ ਤਾਂ ਮੇਰੀ ਫ਼ਿਕਰ ਹੋਰ ਵਧ ਗਈ।

ਰਜ਼ੀਆ : ਤੂੰ ਤਿੰਨ ਪੀੜ੍ਹੀਆਂ ਤੋਂ ਇਸ ਖ਼ਾਨਦਾਨ ਦਾ ਰਾਜ਼ਦਾਰ ਹੈਂ। ਸਭ ਲੋਕ ਬਦਲ ਗਏ। ਮਾਂ ਦੁਸ਼ਮਣ ਬਣ ਗਈ ਤੇ ਭਰਾ ਕਾਤਲ। ਪਰ ਤੂੰ ਉਸੇ ਤਰ੍ਹਾਂ ਵਫ਼ਾਦਾਰ ਹੈਂ।

ਸ਼ਾਹੀ ਹਕੀਮ : ਇਸ ਸੀਨੇ ਵਿਚ ਜੋ ਰਾਜ਼ ਇਕ ਵਾਰ ਉਤਰ ਗਿਆ ਉਹ ਉਥੇ ਹੀ ਦਫ਼ਨ ਹੋ ਗਿਆ। ਇਹ ਹਿਕਮਤ ਦੇ ਪੇਸ਼ੇ ਦਾ ਅਸੂਲ ਹੈ।

ਰਜ਼ੀਆ : ਸਲਤਨਤ ਦੀਆਂ ਜ਼ੁੰਮੇਦਾਰੀਆਂ ਤੇ ਰਾਜਸੀ ਉਲਝਣਾਂ ਨੇ ਸਾਨੂੰ ਪਰੇਸ਼ਾਨ ਕਰ ਰਖਿਆ ਹੈ। ਅਸੀਂ ਲਾਹੌਰ ਤੇ ਮੁਲਤਾਨ ਨੂੰ ਮਜ਼ਬੂਤ ਬਣਾਉਣਾ ਚਾਹੁੰਦੇ ਹਾਂ। ਇਕ ਅਜੇਹੀ ਫ਼ਸੀਲ ਜੋ ਮੁਗ਼ਲਾਂ ਦੇ ਹਮਲਿਆਂ ਨੂੰ ਡੱਕ ਸਕੇ।

ਸ਼ਾਹੀ ਹਕੀਮ : ਇਸ ਵੇਲੇ ਸਾਰੇ ਇਲਾਕੇ ਵਿਚ ਅਮਨ ਹੈ। ਲਖਨੌਤੀ ਤੋਂ ਦੇਵੱਲ ਤਕ ਤੇ ਹਾਂਸੀ ਤੋਂ ਮੁਲਤਾਨ ਤਕ ਖ਼ੁਸ਼ਹਾਲੀ।

ਰਜ਼ੀਆ : ਪਰ ਮੱਧ ਏਸ਼ੀਆ ਦੇ ਡਾਕੂਆਂ ਦੀਆਂ ਨਜ਼ਰਾਂ ਦਿੱਲੀ ਉਤੇ ਲੱਗੀਆਂ ਹੋਈਆਂ ਹਨ। ਅਸੀਂ ਚਾਹੁੰਦੇ ਹਾਂ ਕਿ ਸਲਤਨਤ ਦੀਆਂ ਨੀਹਾਂ ਇਤਨੀਆਂ ਪੱਕੀਆਂ ਹੋਣ ਕਿ ਬਾਹਰ ਦਾ ਕੋਈ ਹਮਲਾਆਵਰ ਇਸ ਨੂੰ ਜਿੱਤ ਨਾ ਸਕੇ।

ਸ਼ਾਹੀ ਹਕੀਮ : ਬਾਹਰਲਾ ਹਮਲਾਆਵਰ ਕਦੇ ਕਾਮਯਾਬ ਨਹੀਂ ਹੁੰਦਾ ਜੇ ਅੰਦਰੋਂ ਦੀ ਅੱਡੋਪਾਟੀ ਨਾ ਹੋਵੇ। ਪਰ ਗੱਲ ਇਸ ਵੇਲੇ ਸਲਤਨਤ ਦੀ ਨਹੀਂ, ਮਲਿਕਾਇ-ਆਲੀਆ। ਕੋਈ ਨਿੱਜੀ ਪਰੇਸ਼ਾਨੀ ਹੈ, ਜਿਸ ਨੂੰ ਤੁਸੀਂ ਲੁਕੋ ਰਹੇ ਹੋ।

ਰਜ਼ੀਆ : ਸਾਡੇ ਅਮੀਰ ਜੋੜ ਤੋੜ ਕਰਨ ਵਿਚ ਮਾਹਿਰ ਹਨ। ਉਨ੍ਹਾਂ ਉਤੇ ਕਿਵੇਂ ਵਿਸ਼ਵਾਸ ਕਰਾਂ। ਅੱਬਾ ਦੇ ਵੇਲੇ ਤੋਂ ਮੈਂ ਇਨ੍ਹਾਂ ਨੂੰ ਜਾਣਦੀ ਹਾਂ। ਇਨ੍ਹਾਂ ਦੀ ਔਕਾਤ ਸਮਝਦੀ ਹਾਂ। ਇਨ੍ਹਾਂ ਨੂੰ ਬਹੁਤਾ ਚਿਰ ਇਕੋ ਅਹੁਦੇ ਤੇ ਨਹੀਂ ਰਖਣਾ ਚਾਹੀਦਾ। ਸਲਤਨਤ ਦੇ ਫ਼ਾਇਦੇ ਦੀ ਥਾਂ ਉਹ ਆਪਣਾ ਫ਼ਾਇਦਾ ਸੋਚਣ ਲੱਗਦੇ ਹਨ। ਅੱਬਾ ਇਸ ਭੇਦ ਨੂੰ ਜਾਣਦੇ ਸਨ, ਇਸੇ ਲਈ ਉਹ ਆਪਣੇ ਅਮੀਰਾਂ ਤੇ ਹਾਕਮਾਂ ਨੂੰ ਬਦਲਦੇ ਰਹੇ।

ਸ਼ਾਹੀ ਹਕੀਮ : ਪਰ ਤੁਹਾਡੇ ਅੰਦਰ ਰਾਜਨੀਤੀ ਦੀ ਥਾਂ ਨਿੱਜੀ ਭਾਵਨਾ ਕੰਮ ਕਰ ਰਹੀ ਹੈ। ਤੁਸੀਂ ਯਾਕੂਤ ਨੂੰ ਉੱਚਾ ਅਹੁਦਾ ਬਖ਼ਸ਼ਿਆ ਹੈ, ਨਾਲ ਹੀ ਜਜ਼ਬਾ ਵੀ।

ਰਜ਼ੀਆ : ਕੀ ਆਖ ਰਿਹਾ ਏਂ ?

ਸ਼ਾਹੀ ਹਕੀਮ : ਉਹੀ ਜੋ ਲੋਕ ਦੇਖ ਰਹੇ ਹਨ, ਪਰ ਆਖਣ ਦੀ ਹਿੰਮਤ ਨਹੀਂ ਰਖਦੇ।

ਰਜ਼ੀਆ : ਤੂੰ ਵੀ ਹੋਰ ਲੋਕਾਂ ਵਾਂਗ ਸੋਚਣ ਲੱਗ ਪਿਆ ਹੈਂ ? ਹਕੀਮ ? ਤੂੰ ਸੱਚਮੁਚ ਹੀ ਬੁੱਢਾ ਹੋ ਗਿਆ ਹੈਂ। (ਹੱਸਦੀ ਹੈ) ਕਈ ਵਾਰ ਮੈਂ ਸੋਚਦੀ ਹਾਂ ਕਿ ਮੈਨੂੰ ਰਾਜਨੀਤੀ ਵਿਚ ਕੋਈ ਦਿਲਚਸਪੀ ਨਹੀਂ। ਰਾਜਨੀਤੀ ਨਿਰਾ ਸਮਝੌਤਾ ਹੈ — ਤਾਕਤ ਤੇ ਤਬਾਹੀ ਦੀ ਲਾਲਸਾ। ਕੋਈ ਸੁਲਤਾਨ ਕਿਤਨਾ ਹੀ ਸ਼ਕਤੀਸ਼ਾਲੀ ਕਿਉਂ ਨਾ ਹੋਵੇ ਉਸ ਵਿਚ ਮਨੁੱਖੀ ਹਿਤ ਬਾਕੀ ਨਹੀਂ ਰਹਿੰਦਾ। ਉਸ ਦੇ ਹੱਥ ਸਦਾ ਖ਼ੂਨ ਨਾਲ ਰੰਗੇ ਹੁੰਦੇ ਹਨ। ਮੈਂ ਇਸ ਤਖ਼ਤ ਉੱਤੇ ਬੈਠਣ ਲੱਗਿਆਂ ਕਦੇ ਖ਼ੂਨ ਖਰਾਬੇ ਬਾਰੇ ਨਹੀਂ ਸੀ ਸੋਚਿਆ। ਪਰ ਕੀ ਤਖ਼ਤ ਖ਼ੂਨ ਡੋਲ੍ਹਣ ਬਿਨਾਂ ਕਾਇਮ ਰਹਿ ਸਕਦਾ ਹੈ ? ਫਿਰ ਮੈਂ ਇਸ ਵੱਡੀ ਸਲਤਨਤ ਨੂੰ ਦੇਖਦੀ ਹਾਂ ਤੇ ਲੱਖਾਂ ਲੋਕਾਂ ਦੇ ਸਤਿਕਾਰ ਨਾਲ ਝੁਕੇ ਹੋਏ ਸਿਰ ਤੇ ਉੱਚੇ ਮੀਨਾਰ ਤੇ ਕਿਲ੍ਹੇ ਜਿਨ੍ਹਾਂ ਨੂੰ ਅੱਬਾ ਨੇ ਜਿੱਤਿਆ। ਮੇਰੀਆਂ ਨਜ਼ਰਾਂ ਵਿਚ ਸ਼ਕਤੀ ਜਾਗ ਪੈਂਦੀ ਹੈ ਅਤੇ ਮੈਂ ਆਪਣੇ ਫ਼ਰਜ਼ ਲਈ ਬਿਹਬਲ ਹੋ ਉਠਦੀ ਹਾਂ। ਜ਼ਿੰਦਗੀ ਕੀ ਹੈ ? ਇਕ ਬੋਦੀ ਰੱਸੀ ਜੋ ਰੱਬ ਅਤੇ ਸ਼ੈਤਾਨ ਦੇ ਵਿਚਕਾਰ ਤਣੀ ਹੋਈ ਹੈ। ਹੇਠਾਂ ਡੂੰਘੀ ਖਾਈ ਜਿਸ ਦਾ ਕਿਸੇ ਨੂੰ ਪਤਾ ਨਹੀਂ। ਹਕੀਮ, ਕੀ ਤੂੰ ਇਤਿਹਾਸ ਨੂੰ ਸਮਝਦਾ ਹੈਂ ?

ਸ਼ਾਹੀ

ਹਕੀਮ : ਸੁਲਤਾਨ ਦਾ ਹਰ ਸਾਹ ਇਤਿਹਾਸ ਰਚਦਾ ਹੈ।

ਰਜ਼ੀਆ : ਤੇ ਲੋਕ ?

ਸ਼ਾਹੀ

ਹਕੀਮ : ਲੋਕਾਂ ਦੀ ਹੈਸੀਅਤ ਜੁਗਨੂੰਆਂ ਵਰਗੀ ਹੈ ਜੋ ਘਣੇ ਜੰਗਲ ਵਿਚ ਚਾਨਣ ਕਰਨ ਦਾ ਯਤਨ ਕਰ ਰਹੇ ਹੋਣ। ਸੁਲਤਾਨ ਸੂਰਜ ਵਾਂਗ ਹੈ।

ਰਜ਼ੀਆ : ਤੂੰ ਚੜ੍ਹਦੇ ਸੂਰਜ ਨੂੰ ਦੇਖਦਾ ਹੈਂ, ਕਦੇ ਡੁੱਬਦੇ ਸੂਰਜ ਨੂੰ ਦੇਖਿਆ ਹੈ ?

ਸ਼ਾਹੀ

ਹਕੀਮ : ਤੁਹਾਡਾ ਇਸ਼ਾਰਾ ਨਹੀਂ ਸਮਝ ਸਕਿਆ।

ਰਜ਼ੀਆ : ਸੁਣਿਆ ਹੈ ਇਤਿਹਾਸ ਲਿਖਣ ਵਾਲੇ ਇਤਿਹਾਸ ਬਦਲ ਦਿੰਦੇ ਹਨ। ਮਿਨਹਾਜ ਨੇ ਰੁਕਨ-ਉਦ-ਦੀਨ ਨੂੰ ਪਹਿਲਾਂ ਦਰਿਆ-ਦਿਲ, ਸੋਹਣਾ ਤੇ ਇਨਸਾਫ਼-ਪਸੰਦ ਸੁਲਤਾਨ ਆਖਿਆ। ਜਦੋਂ ਅਸੀਂ ਤਖ਼ਤ ਤੇ ਬੈਠੇ ਤਾਂ ਉਸ ਨੇ ਉਨ੍ਹਾਂ ਸਾਰੀਆਂ ਸਿਫ਼ਤਾਂ ਉੱਤੇ ਸਿਆਹੀ ਫੇਰ ਕੇ ਉਸ ਨੂੰ ਸ਼ਰਾਬੀ, ਅਯਾਸ਼ ਤੇ ਨਿਕੰਮਾ ਆਖਿਆ।

ਸ਼ਾਹੀ

ਹਕੀਮ : ਉਹ ਵੇਲੇ ਦਾ ਗ਼ੁਲਾਮ ਹੈ।

ਰਜ਼ੀਆ : ਸਾਡੇ ਬਾਰੇ ਜੋ ਕੁਝ ਉਹ ਲਿਖ ਰਿਹਾ ਹੈ, ਕੀ ਇਸ ਨੂੰ ਵੀ ਮੇਟ ਦੇਵੇਗਾ ?

ਸ਼ਾਹੀ

ਹਕੀਮ : ਵੇਲਾ ਬਹੁਤ ਸਾਰੀਆਂ ਚੀਜ਼ਾਂ ਮੇਟ ਦਿੰਦਾ ਹੈ ਤੇ ਬਹੁਤ ਸਾਰੀਆਂ ਚੀਜ਼ਾਂ ਉਭਾਰ ਦਿੰਦਾ ਹੈ। ਮਲਕਾਇ-ਆਲੀਆ, ਕੋਈ ਚੀਜ਼ ਨਹੀਂ ਰਹਿੰਦੀ, ਹਰ ਸ਼ੈਅ ਮਿਟ ਜਾਂਦੀ ਹੈ।

ਰਜ਼ੀਆ : ਫਿਰ ਅਸਲੀਅਤ ਕੀ ਹੈ ?

ਸ਼ਾਹੀ

ਹਕੀਮ : ਇਹ ਛਿਣ ਹੀ ਅਸਲੀਅਤ ਹੈ। ਇਹ ਘੜੀ। ਤੁਹਾਡੇ ਮਨ ਵਿਚ ਸਦੀਵ

ਰਜ਼ੀਆ : ਤੂੰ ਵੀ ਹੋਰ ਲੋਕਾਂ ਵਾਂਗ ਸੋਚਣ ਲੱਗ ਪਿਆ ਹੈਂ ? ਹਕੀਮ ? ਤੂੰ ਸੱਚਮੁਚ ਹੀ ਬੁੱਢਾ ਹੋ ਗਿਆ ਹੈਂ। (ਹੱਸਦੀ ਹੈ) ਕਈ ਵਾਰ ਮੈਂ ਸੋਚਦੀ ਹਾਂ ਕਿ ਮੈਨੂੰ ਰਾਜਨੀਤੀ ਵਿਚ ਕੋਈ ਦਿਲਚਸਪੀ ਨਹੀਂ। ਰਾਜਨੀਤੀ ਨਿਰਾ ਸਮਝੌਤਾ ਹੈ — ਤਾਕਤ ਤੇ ਤਬਾਹੀ ਦੀ ਲਾਲਸਾ। ਕੋਈ ਸੁਲਤਾਨ ਕਿਤਨਾ ਹੀ ਸ਼ਕਤੀਸ਼ਾਲੀ ਕਿਉਂ ਨਾ ਹੋਵੇ ਉਸ ਵਿਚ ਮਨੁੱਖੀ ਹਿਤ ਬਾਕੀ ਨਹੀਂ ਰਹਿੰਦਾ। ਉਸ ਦੇ ਹੱਥ ਸਦਾ ਖ਼ੂਨ ਨਾਲ ਰੰਗੇ ਹੁੰਦੇ ਹਨ। ਮੈਂ ਇਸ ਤਖ਼ਤ ਉੱਤੇ ਬੈਠਣ ਲੱਗਿਆਂ ਕਦੇ ਖ਼ੂਨ ਖਰਾਬੇ ਬਾਰੇ ਨਹੀਂ ਸੀ ਸੋਚਿਆ। ਪਰ ਕੀ ਤਖ਼ਤ ਖ਼ੂਨ ਡੋਲ੍ਹਣ ਬਿਨਾਂ ਕਾਇਮ ਰਹਿ ਸਕਦਾ ਹੈ ? ਫਿਰ ਮੈਂ ਇਸ ਵੱਡੀ ਸਲਤਨਤ ਨੂੰ ਦੇਖਦੀ ਹਾਂ ਤੇ ਲੱਖਾਂ ਲੋਕਾਂ ਦੇ ਸਤਿਕਾਰ ਨਾਲ ਝੁਕੇ ਹੋਏ ਸਿਰ ਤੇ ਉਹ ਮੀਨਾਰ ਤੇ ਕਿਲ੍ਹੇ ਜਿਨ੍ਹਾਂ ਨੂੰ ਅੱਬਾ ਨੇ ਜਿੱਤਿਆ। ਮੇਰੀਆਂ ਨਜ਼ਰਾਂ ਵਿਚ ਸ਼ਕਤੀ ਜਾਗ ਪੈਂਦੀ ਹੈ ਅਤੇ ਮੈਂ ਆਪਣੇ ਫ਼ਰਜ਼ ਲਈ ਬਿਹਬਲ ਹੋ ਉਠਦੀ ਹਾਂ। ਜ਼ਿੰਦਗੀ ਕੀ ਹੈ ? ਇਕ ਥੋਦੀ ਰੱਸੀ ਜੋ ਰੱਬ ਅਤੇ ਸ਼ੈਤਾਨ ਦੇ ਵਿਚਕਾਰ ਤਣੀ ਹੋਈ ਹੈ। ਹੇਠਾਂ ਡੂੰਘੀ ਖਾਈ ਜਿਸ ਦਾ ਕਿਸੇ ਨੂੰ ਪਤਾ ਨਹੀਂ। ਹਕੀਮ, ਕੀ ਤੂੰ ਇਤਿਹਾਸ ਨੂੰ ਸਮਝਦਾ ਹੈਂ ?

ਸ਼ਾਹੀ
ਹਕੀਮ : ਸੁਲਤਾਨ ਦਾ ਹਰ ਸਾਹ ਇ...ਹਾਸ ਰਚਦਾ ਹੈ।

ਰਜ਼ੀਆ : ਤੇ ਲੋਕ ?

ਸ਼ਾਹੀ
ਹਕੀਮ : ਲੋਕਾਂ ਦੀ ਹੈਸੀਅਤ ਜੁਗਨੂੰਆਂ ਵਰਗੀ ਹੈ ਜੋ ਘਣੇ ਜੰਗਲ ਵਿਚ ਚਾਨਣ ਕਰਨ ਦਾ ਯਤਨ ਕਰ ਰਹੇ ਹੋਣ। ਸੁਲਤਾਨ ਸੂਰਜ ਵਾਂਗ ਹੈ।

ਰਜ਼ੀਆ : ਤੂੰ ਚੜ੍ਹਦੇ ਸੂਰਜ ਨੂੰ ਦੇਖਦਾ ਹੈਂ, ਕਦੇ ਡੁੱਬਦੇ ਸੂਰਜ ਨੂੰ ਦੇਖਿਆ ਹੈ ?

ਸ਼ਾਹੀ
ਹਕੀਮ : ਤੁਹਾਡਾ ਇਸ਼ਾਰਾ ਨਹੀਂ ਸਮਝ ਸਕਿਆ।

ਰਜ਼ੀਆ : ਸੁਣਿਆ ਹੈ ਇਤਿਹਾਸ ਲਿਖਣ ਵਾਲੇ ਇਤਿਹਾਸ ਬਦਲ ਦਿੰਦੇ ਹਨ। ਮਿਨਹਾਜ ਨੇ ਰੁਕਨ-ਉਦ-ਦੀਨ ਨੂੰ ਪਹਿਲਾਂ ਦਰਿਆ-ਦਿਲ, ਸੋਹਣਾ ਤੇ ਇਨਸਾਫ਼-ਪਸੰਦ ਸੁਲਤਾਨ ਆਖਿਆ। ਜਦੋਂ ਅਸੀਂ ਤਖ਼ਤ ਤੇ ਬੈਠੇ ਤਾਂ ਉਸ ਨੇ ਉਨ੍ਹਾਂ ਸਾਰੀਆਂ ਸਿਫ਼ਤਾਂ ਉੱਤੇ ਸਿਆਹੀ ਫੇਰ ਕੇ ਉਸ ਨੂੰ ਸ਼ਰਾਬੀ, ਅਯਾਸ਼ ਤੇ ਨਿਕੰਮਾ ਆਖਿਆ।

ਸ਼ਾਹੀ
ਹਕੀਮ : ਉਹ ਵੇਲੇ ਦਾ ਗ਼ੁਲਾਮ ਹੈ।

ਰਜ਼ੀਆ : ਸਾਡੇ ਬਾਰੇ ਜੋ ਕੁਝ ਉਹ ਲਿਖ ਰਿਹਾ ਹੈ, ਕੀ ਇਸ ਨੂੰ ਵੀ ਮੇਟ ਦੇਵੇਗਾ ?

ਸ਼ਾਹੀ
ਹਕੀਮ : ਵੇਲਾ ਬਹੁਤ ਸਾਰੀਆਂ ਚੀਜ਼ਾਂ ਮੇਟ ਦਿੰਦਾ ਹੈ ਤੇ ਬਹੁਤ ਸਾਰੀਆਂ ਚੀਜ਼ਾਂ ਉਭਾਰ ਦਿੰਦਾ ਹੈ। ਮਲਕਾਇ-ਆਲੀਆ, ਕੋਈ ਚੀਜ਼ ਨਹੀਂ ਰਹਿੰਦੀ, ਹਰ ਸ਼ੈਅ ਮਿਟ ਜਾਂਦੀ ਹੈ।

ਰਜ਼ੀਆ : ਫਿਰ ਅਸਲੀਅਤ ਕੀ ਹੈ ?

ਸ਼ਾਹੀ
ਹਕੀਮ : ਇਹ ਛਿਣ ਹੀ ਅਸਲੀਅਤ ਹੈ। ਇਹ ਘੜੀ। ਤੁਹਾਡੇ ਮਨ ਵਿਚ ਸਦੀਵ

ਦੀ ਕਲਪਨਾ ਹੈ। ਤੁਸੀਂ ਆਪਣੇ ਆਪ ਦਾ ਸਦੀਵੀ ਚਿਤਰ ਦੇਖਣਾ ਚਾਹੁੰਦੇ ਹੋ। ਇਹ ਵਹਿਮ ਹੈ। ਕੋਈ ਸ਼ੈਅ ਬਾਕੀ ਨਹੀਂ ਰਹਿੰਦੀ। ਜਦ ਮੈਂ ਮਰਾਂਗਾ ਤਾਂ ਮੇਰੀ ਲਾਸ਼ ਨੂੰ ਕੀੜੇ ਖਾਣ ਜਾਂ ਗਿਰਝਾਂ। ਇਸ ਨਾਲ ਕੀ ਫ਼ਰਕ ਪੈਂਦਾ ਹੈ। ਮੈਂ ਨਹੀਂ ਹੋਵਾਂਗਾ। ਮੇਰੇ ਅੰਦਰ ਦੀ ਹਉਮੈ ਨਹੀਂ ਹੋਵੇਗੀ। ਫਿਰ ਚਿੰਤਾ ਕਿਸ ਗੱਲ ਦੀ ?

ਰਜ਼ੀਆ : ਮੇਰੇ ਹਕੀਮ ਹੁਣ ਤੂੰ ਜਾਹ, ਤਾਂ ਜੁ ਮੈਂ ਸਦੀਵੀ ਜੀਵਨ ਬਾਰੇ ਸੋਚ ਸਕਾਂ। ਇਕੱਲੀ, ਬਿਲਕੁਲ ਇਕੱਲੀ, ਰਾਤ ਦੀ ਇਕਾਂਤ ਵਿਚ। ਕਨੀਜ਼ਾਂ ਨੂੰ ਆਖ ਦੇ ਕਿ ਮੇਰੇ ਸੌਣ ਵਾਲੇ ਕਮਰੇ ਦੀ ਸ਼ਮ੍ਹਾਂ ਜਗਦੀ ਰਹੇ ਤਾਂ ਜੁ ਮੈਂ ਸੋਚ ਸਕਾਂ ਕਿ ਕੀ ਇਹ ਕੁਤਬ ਮੀਨਾਰ ਮਿਟ ਜਾਵੇਗਾ ? ਕੀ ਮੇਰੇ ਦਿਲ ਅੰਦਰ ਬਲਦਾ ਹੋਇਆ ਜਜ਼ਬਾ ਖ਼ਤਮ ਹੋ ਜਾਵੇਗਾ ?

(ਸ਼ਾਹੀ ਹਕੀਮ ਜਾਂਦਾ ਹੈ। ਰਜ਼ੀਆ ਖ਼ਲਾਅ ਵਿਚ ਘੂਰਦੀ ਹੈ)

(ਹਨੇਰਾ)

## ਸੀਨ ਚੌਥਾ

(ਦੀਵਾਨਿ-ਖ਼ਾਸ ਵਿਚ ਰਜ਼ੀਆ ਤੇ ਮੁਹਜ਼ਬ-ਉਦ-ਦੀਨ।)

ਮੁਹਜ਼ਬ-ਉਦ-ਦੀਨ : ਕਬੀਰ-ਖ਼ਾਨਿ-ਅਯਾਜ਼ ਨੂੰ ਇਹ ਉੱਕੀ ਆਸ ਨਹੀਂ ਸੀ ਕਿ ਸਾਡੀ ਫ਼ੌਜ ਏਨੀ ਛੇਤੀ ਲਾਹੌਰ ਪਹੁੰਚ ਜਾਵੇਗੀ। ਉਸ ਨੇ ਅਫ਼ਗਾਨਾਂ ਨਾਲ ਗਠਜੋੜ ਕਰ ਰਖਿਆ ਸੀ, ਪਰ ਉਨ੍ਹਾਂ ਨੂੰ ਲਾਹੌਰ ਪਹੁੰਚਣ ਵਿਚ ਦੇਰ ਹੋ ਗਈ। ਸਿੰਧ ਚੜ੍ਹਿਆ ਹੋਇਆ ਸੀ। ਅਫ਼ਗਾਨ ਸਿਪਾਹੀਆਂ ਦੇ ਘੋੜੇ ਦਰਿਆ ਪਾਰ ਨਾ ਕਰ ਸਕੇ। ਸਾਡੀ ਫ਼ੌਜ ਨੇ ਉਨ੍ਹਾਂ ਨੂੰ ਘੇਰ ਲਿਆ। ਦੋ ਦਿਨ ਲੜਾਈ ਹੋਈ ਅਤੇ ਬਹਿਰਾਮ ਸ਼ਾਹ ਤੇ ਅਲਪਤਗੀਨ ਕਬੀਰ-ਖ਼ਾਨਿ-ਅਯਾਜ਼ ਨੂੰ ਗ੍ਰਿਫ਼ਤਾਰ ਕਰ ਕੇ ਲੈ ਆਏ।

ਰਜ਼ੀਆ : ਉਸ ਗ਼ੱਦਾਰ ਨੂੰ ਪੇਸ਼ ਕਰੋ।

(ਬਹਿਰਾਮ ਸ਼ਾਹ ਤੇ ਅਲਪਤਗੀਨ ਦਾਖ਼ਿਲ ਹੁੰਦੇ ਹਨ। ਉਨ੍ਹਾਂ ਦੇ ਪਿਛੇ ਬਕਤਰਪੋਸ਼ ਕਬੀਰ-ਖ਼ਾਨਿ-ਅਯਾਜ਼ ਨੂੰ ਲੈ ਕੇ ਆਉਂਦੇ ਹਨ।)

ਤੇਰੇ ਵਰਗੀ ਕ੍ਰਿਤਘਣ ਲਈ ਇਕੋ ਥਾਂ ਹੈ — ਕਿਲ੍ਹੇ ਦੀ ਕਾਲ ਕੋਠੜੀ।

ਕਬੀਰ-ਖ਼ਾਨਿ-ਅਯਾਜ਼ : ਮੈਂ ਗੁਨਾਹਗਾਰ ਹਾਂ, ਪਰ—

ਰਜ਼ੀਆ : ਅਸੀਂ ਕੁਝ ਸੁਣਨਾ ਨਹੀਂ ਚਾਹੁੰਦੇ। ਲੈ ਜਾਓ। ਇਸ ਦਾ ਸਿਰ ਕੱਟ ਕੇ ਨੇਜ਼ੇ ਤੇ ਟੰਗ ਦਿਤਾ ਜਾਵੇ ਅਤੇ ਸਾਰੇ ਸ਼ਹਿਰ ਵਿਚ ਘੁੰਮਾਇਆ ਜਾਵੇ ਤਾਂ ਜੁ ਲੋਕ ਸਬਕ ਸਿਖਣ।

ਕਬੀਰ-ਖ਼ਾਨਿ-ਅਯਾਜ਼ : ਮੈਂ ਰਹਿਮ ਦੀ ਭਿਖ ਨਹੀਂ ਮੰਗਾਂਗਾ। ਮੌਤ ਦੀ ਸਜ਼ਾ ਸੁਣ ਕੇ ਮੇਰੀਆਂ ਅੱਖਾਂ ਸਾਹਮਣੇ ਹਰ ਚੀਜ਼ ਸਾਫ਼ ਹੋ ਗਈ। ਪਰਦਾ ਹਟ ਗਿਆ। ਮੈਂ ਮੌਤ ਦੇ ਏਨਾ ਨੇੜੇ ਹਾਂ ਕਿ ਸੱਚ ਬੋਲਣ ਤੋਂ ਨਹੀਂ ਡਰਦਾ। ਮੈਨੂੰ ਕੋਈ ਡਰ ਨਹੀਂ ਰਿਹਾ — ਨਾ ਭਵਿੱਖ ਦਾ, ਨਾ ਤੁਹਾਡਾ। ਤੁਹਾਨੂੰ ਸ਼ਾਇਦ ਪਤਾ ਨਹੀਂ ਕਿ

ਅਸੀਂ ਸਾਰੇ ਇਸ ਘ੍ਰਿਣਾਯੋਗ ਰਾਜਨੀਤੀ ਦਾ ਹਿੱਸਾ ਹਾਂ। ਦਰਬਾਰ ਦੇ ਸਾਰੇ ਅਮੀਰ ਮੇਰੇ ਵਾਂਗ ਹਨ — ਆਪਣੇ ਅੰਦਰ ਨਫ਼ਰਤ ਤੇ ਲਾਲਸਾ ਤੇ ਈਰਖਾ ਪਾਲਣ ਵਾਲੇ। ਬਘਿਆੜਾਂ ਵਾਂਗ ਆਪੋ ਵਿਚ ਲੜਨ ਲਈ ਬਿਹਬਲ। ਬਗ਼ਾਵਤ ਇਨ੍ਹਾਂ ਦਾ ਪੇਸ਼ਾ ਹੈ। ਮੈਂ ਦਲੇਰੀ ਵਿਖਾਈ ਤੇ ਫੜਿਆ ਗਿਆ। ਇਸ ਲਈ ਸਭ ਤੋਂ ਵੱਡਾ ਗ਼ੱਦਾਰ ਹਾਂ। ਮੇਰੇ ਕਾਰਨ ਇਨ੍ਹਾਂ ਸਾਰਿਆਂ ਦੀ ਗ਼ੱਦਾਰੀ ਛੁਪ ਗਈ। ਹੁਣ ਉਹ ਆਪਣੇ ਆਪ ਨੂੰ ਵਫ਼ਾਦਾਰ ਸਾਬਤ ਕਰ ਸਕਦੇ ਹਨ। ਮੈਂ ਉਨ੍ਹਾਂ ਦੇ ਦਿਲ ਦਾ ਸ਼ੀਸ਼ਾ ਹਾਂ। ਮੇਰੇ ਅੰਦਰ ਉਹ ਆਪਣੀ ਸੂਰਤ ਵੇਖਦੇ ਹਨ ਅਤੇ ਇਸ ਉੱਤੇ ਥੁੱਕਣਾ ਚਾਹੁੰਦੇ ਹਨ। ਪਰ ਹਾਲਾਤ ਬਦਲ ਵੀ ਸਕਦੇ ਹਨ। ਇਹ ਮੁਮਕਿਨ ਸੀ ਕਿ ਉਹ ਮੇਰੀ ਥਾਂ ਉੱਤੇ ਹੁੰਦੇ ਤੇ ਮੈਂ ਉਨ੍ਹਾਂ ਦੀ ਥਾਂ।

ਬਹਿਰਾਮ ਸ਼ਾਹ : ਤੁਸੀਂ ਇਸ ਮੱਕਾਰ ਦੀਆਂ ਗੱਲਾਂ ਸੁਣ ਰਹੇ ਹੋ ?

ਅਲਪਤਗੀਨ : ਆਪਣੇ ਜੁਰਮ ਦਾ ਇਕਬਾਲ ਕਰ ਕੇ ਇਹ ਆਪਣੇ ਆਪ ਨੂੰ ਬੇਗੁਨਾਹ ਸਾਬਤ ਕਰਨਾ ਚਾਹੁੰਦਾ ਹੈ।

ਕਬੀਰ-ਖ਼ਾਨਿ-ਅਯਾਜ਼ : ਮੈਂ ਕੁਝ ਸਾਬਤ ਕਰਨਾ ਨਹੀਂ ਚਾਹੁੰਦਾ। ਪਰ ਜੋ ਦਿਲ ਵਿਚ ਹੈ ਉਸ ਨੂੰ ਕਹੇ ਬਿਨਾਂ ਨਹੀਂ ਰਹਾਂਗਾ। ਇਸ ਤਰ੍ਹਾਂ ਸਾਫ਼ ਸਾਫ਼ ਗੱਲ ਕਰਨ ਦਾ ਕਦੇ ਮੌਕਾ ਨਹੀਂ ਸੀ ਮਿਲਿਆ। ਮੈਂ ਨੀਚ ਹਾਂ। ਮੈਂ ਤੁਹਾਡੇ ਵਿਸ਼ਵਾਸ ਨੂੰ ਰੋਲਿਆ। ਤੁਹਾਡੀਆਂ ਮਿਹਰਬਾਨੀਆਂ ਨੂੰ ਭੁੱਲ ਕੇ ਇਕ ਘਟੀਆ ਜਾਨਵਰ ਬਣ ਗਿਆ। ਮੈਨੂੰ ਕਿਸੇ ਖ਼ੰਜਰ ਨਾਲ ਵੱਢ ਸੁੱਟੋ, ਮੈਂ ਏਸੇ ਕਾਬਿਲ ਹਾਂ.....ਰਣਭੂਮੀ ਵਿਚ ਤੁਸੀਂ ਤਲਵਾਰ ਨਾਲ ਕਈਆਂ ਦੇ ਸਿਰ ਵੱਢੇ। ਮੈਂ ਵੀ ਉਸੇ ਹੋਣੀ ਦਾ ਭਾਗੀ ਹਾਂ। ਮੈਂ ਤੁਹਾਡੇ ਅੱਗੇ ਝੁਕਦਾ ਹਾਂ, ਗੋਡਿਆਂ ਪਰਨੇ। ਮੈਨੂੰ ਸਜ਼ਾ ਦਿਉ — ਇਕ ਗ਼ੱਦਾਰ ਦੀ ਸਜ਼ਾ, ਅਤੇ ਮੇਰਾ ਸਿਰ ਕੱਟ ਕੇ ਸ਼ਹਿਰ ਵਿਚ ਗਸ਼ਤ ਕਰਵਾਉ। ਪਰ ਕੀ ਤੁਸੀਂ ਸਮਝਦੇ ਹੋ ਕਿ ਇਸ ਨਾਲ ਲੋਕਾਂ ਨੂੰ ਸਬਕ ਮਿਲੇਗਾ ? ਅੱਜ ਤਕ ਕਿੰਨੇ ਹੀ ਸਿਰ ਵੱਢੇ ਗਏ, ਕਿਸੇ ਨੇ ਇਸ ਤੋਂ ਕੋਈ ਸਬਕ ਸਿਖਿਆ ? ਸ਼ਹਿਰ ਵਾਲਿਆਂ ਵਾਸਤੇ ਇਹ ਨਿਰਾ ਤਮਾਸ਼ਾ ਹੋਵੇਗਾ ਤੇ ਅਮੀਰਾਂ ਲਈ ਤਸੱਲੀ। ਗ਼ੱਦਾਰਾਂ ਦੀ ਸਜ਼ਾ ਬਾਰੇ ਹਰ ਸੁਲਤਾਨ ਨੇ ਇਹੀ ਫ਼ੈਸਲਾ ਕੀਤਾ ਕਿ ਇਸ ਦਾ ਸਿਰ ਵੱਢਿਆ ਜਾਏ। ਪਰ ਕੀ ਕਦੇ ਇਹ ਵੀ ਸੋਚਿਆ ਕਿ ਉਹ ਗ਼ੱਦਾਰ ਵੀ ਇਕ ਇਨਸਾਨ ਹੈ ਜੋ ਹਾਲਾਤ ਦੇ ਬਦਲਣ ਉੱਤੇ ਸਭ ਤੋਂ ਵਧੇਰੇ ਵਫ਼ਾਦਾਰ ਸਾਬਤ ਹੋ ਸਕਦਾ ਹੈ। ਅਜਿਹੇ ਗ਼ੱਦਾਰਾਂ ਦੀਆਂ ਮਿਸਾਲਾਂ ਹਨ ਜਿਨ੍ਹਾਂ ਦੇ ਮਾਲਕਾਂ ਨੇ ਉਨ੍ਹਾਂ ਨੂੰ ਮੁਆਫ਼ ਕੀਤਾ ਤੇ ਇਸ ਪਿਛੋਂ ਉਨ੍ਹਾਂ ਨੇ ਆਪਣੇ ਮਾਲਕ ਦੀ ਰੱਖਿਆ ਲਈ ਆਪਣੀ ਜਾਨ ਵਾਰ ਦਿਤੀ।

ਰਜ਼ੀਆ : ਉਹ ਤੇਰੇ ਵਰਗੇ ਨਹੀਂ ਸਨ।

ਕਬੀਰ-ਖ਼ਾਨਿ-ਅਯਾਜ਼ : ਤੁਸੀਂ ਇਸ ਗੁਨਾਹਗਾਰ ਦਾ ਪਛਤਾਵਾ ਨਹੀਂ ਜਾਣ ਸਕਦੇ। ਇਸ ਪਛਤਾਵੇ ਨੂੰ ਮੈਂ ਜੀਭ ਉੱਤੇ ਵੀ ਨਹੀਂ ਲਿਆ ਸਕਦਾ। ਮੈਂ ਆਪਣੇ ਆਪ ਲਈ ਇਕ ਲਾਅਨਤ ਹਾਂ। ਇਕ ਫਿਟਕਾਰ। ਸੋਚਦਾ ਹਾਂ ਇਹ ਮੈਂ ਕਿਵੇਂ ਕੀਤਾ ? ਕਿਉਂ

ਤੁਹਾਡੀਆਂ ਮਿਹਰਬਾਨੀਆਂ ਭੁੱਲ ਗਿਆ ? ਕਿਉਂ ਅੰਨ੍ਹਾਂ ਹੋ ਗਿਆ ? ਮੇਰੇ
ਦਿਲ ਅੰਦਰ ਸ਼ੈਤਾਨ ਲੁਕਿਆ ਬੈਠਾ ਸੀ। ਸ਼ੈਤਾਨ ਮੈਂ ਸ਼ਾਇਦ ਖ਼ੁਦ ਸਾਂ,
ਆਪਣੇ ਆਪ ਨੂੰ ਔਰੀ ਵਧਾਉਣ ਦੀ ਹਵਸ ਵਿਚ ਅੰਨ੍ਹਾ। ਮੈਨੂੰ ਫ਼ਿਟਕਾਰ
ਦੀ ਲੋੜ ਸੀ। ਤੁਹਾਡੇ ਪੈਰਾਂ ਵਿਚ ਡਿੱਗ ਕੇ ਹੀ ਮੈਂ ਦੁਬਾਰਾ ਉਠ ਸਕਦਾ
ਹਾਂ। ਜੇ ਤੁਸੀਂ ਮੈਨੂੰ ਨਵਾਂ ਜੀਵਨ ਬਖ਼ਸ਼ੋ ਤਾਂ ਉਹ ਕਬੀਰ-ਖ਼ਾਨਿ-ਅਯਾਜ਼ ਇਸ
ਜ਼ਲੀਲ ਜਾਨਵਰ ਨਾਲੋਂ ਵੱਖਰਾ ਹੋਵੇਗਾ — ਇਕ ਨਵਾਂ ਮਨੁੱਖ, ਇਕ ਨਵਾਂ
ਇਰਾਦਾ, ਇਕ ਨਵਾਂ ਵਜੂਦ। ਮੈਂ ਤੁਹਾਡੀ ਮਿਹਰ ਦੀ ਨਿਗਾਹ ਲਈ ਤਰਸ
ਰਿਹਾ ਹਾਂ। ਮਲਕਾਇ-ਆਲੀਆ, ਤੁਸੀਂ ਰਹਿਮਦਿਲ ਹੋ। ਹੁਣ ਮੈਨੂੰ ਨਾ
ਲਾਹੌਰ ਦੇ ਸੂਬੇ ਦੀ ਲੋੜ ਹੈ, ਨਾ ਅਮੀਰੀ ਦੀ। ਤੁਹਾਡੇ ਮੂੰਹ ਤੋਂ ਕੇਵਲ
ਇਕ ਵਾਰ ਇਹ ਸੁਣਨ ਦਾ ਯਾਚਕ ਹਾਂ ਕਿ ਤੁਸੀਂ ਇਸ ਗ਼ੁਲਾਮ ਨੂੰ ਮੁਆਫ਼
ਕੀਤਾ। ਮਰਦੇ ਦਮ ਤਕ ਤੁਹਾਡਾ ਅਹਿਸਾਨ ਨਾ ਭੁੱਲਾਂਗਾ।

(ਪੈਰਾਂ ਵਿਚ ਡਿਗਾ ਕੇ ਸਿਸਕਦਾ ਹੈ ਰਜ਼ੀਆ ਖੜੀ ਕੁਝ ਸੋਚਦੀ ਹੈ।)

ਰਜ਼ੀਆ : ਅਸੀਂ ਤੈਨੂੰ ਮੁਆਫ਼ ਕਰਦੇ ਹਾਂ। ਇਹ ਪੂਰਨ ਮੁਆਫ਼ੀ ਹੈ। ਤੈਨੂੰ ਲਾਹੌਰ ਦਾ ਸੂਬਾ ਵਾਪਸ ਦਿਤਾ ਜਾਂਦਾ ਹੈ। ਇਸਦੇ ਨਾਲ ਹੀ ਮੁਲਤਾਨ ਦਾ ਸੂਬਾ ਵੀ ਬਖ਼ਸ਼ਦੇ ਹਾਂ ਤਾਂ ਜੁ ਤੇਰੇ ਦਿਲ ਵਿਚੋਂ ਸਾਰੇ ਸ਼ੱਕ ਮਿਟ ਜਾਣ।

ਕਬੀਰ-ਖ਼ਾਨਿ-ਅਯਾਜ਼ : ਮੈਂ ਤੁਹਾਡਾ—

ਰਜ਼ੀਆ : ਮੁਲਤਾਨ ਵਿਚ ਪ੍ਰਹਿਲਾਦ ਮੰਦਰ ਦੀ ਪਵਿੱਤਰਤਾ ਭੰਗ ਕੀਤੀ ਗਈ ਅਤੇ ਉਥੋਂ ਦੇ ਹਿੰਦੂਆਂ ਤੋਂ ਜ਼ਬਰਦਸਤੀ ਜਜ਼ੀਆ ਲਿਆ ਗਿਆ। ਇਸ ਲਈ ਅਸੀਂ ਉਥੋਂ ਦੇ ਹਾਕਿਮ ਨੂੰ ਹਟਾ ਦਿਤਾ ਹੈ। ਹੁਣ ਇਹ ਫ਼ਰਜ਼ ਤੇਰੇ ਸਪੁਰਦ ਕੀਤਾ ਜਾਂਦਾ ਹੈ ਕਿ ਸਾਡੀ ਖੁਲ੍ਹਦਿਲੀ ਤੇ ਬਖ਼ਸ਼ਿਸ਼ ਨੂੰ ਉਥੋਂ ਦੇ ਲੋਕਾਂ ਤਕ ਪਹੁੰਚਾਵੇਂ। ਉਥੇ ਉਸੇ ਰਹਿਮਦਿਲੀ ਦਾ ਸਬੂਤ ਦੇਵੀਂ ਜਿਸ ਦਾ ਤੂੰ ਸਾਡੇ ਤੋਂ ਯਾਚਕ ਹੈਂ।

(ਰਜ਼ੀਆ ਜਾਂਦੀ ਹੈ। ਉਸ ਦੇ ਨਾਲ ਬਹਿਰਾਮ ਸ਼ਾਹ। ਬਕਤਰਪੋਸ਼ ਕਬੀਰ-ਖ਼ਾਨਿ-ਅਯਾਜ਼ ਦੀਆਂ ਜ਼ੰਜੀਰਾਂ ਖੋਲ੍ਹਦੇ ਹਨ। ਕਬੀਰ-ਖ਼ਾਨਿ-ਅਯਾਜ਼ ਆਪਣੇ ਹੱਥਾਂ ਵਲ ਦੇਖਦਾ ਹੈ ਤੇ ਫਿਰ ਆਪਣੇ ਆਲੇ ਦੁਆਲੇ। ਹੀਣਤਾ ਦਾ ਅਹਿਸਾਸ, ਅਤੇ ਫਿਰ ਇਕਦਮ ਬਦਲੇ ਦੀ ਭਾਵਨਾ ਉਸ ਦੀਆਂ ਅੱਖਾਂ ਵਿਚ ਚਮਕਦੀ ਹੈ। ਇਹੀ ਭਾਵਨਾ ਦਿਲ ਵਿਚ ਲਈ ਉਹ ਤੇਜ਼ੀ ਨਾਲ ਬਾਹਰ ਨਿਕਲ ਜਾਂਦਾ ਹੈ। ਬਕਤਰਪੋਸ਼ ਦੂਜੇ ਪਾਸੇ ਜਾਂਦੇ ਹਨ।)

ਮੁਹਜ਼ਬ-ਉਦ-ਦੀਨ : ਮੈਂ ਹੈਰਾਨ ਹਾਂ ਕਿ ਉਸ ਦੀਆਂ ਗੱਲਾਂ ਉਤੇ ਮਲਿਕਾ ਨੇ ਕਿਵੇਂ ਯਕੀਨ ਕਰ ਲਿਆ।

ਅਲਪਤਗੀਨ : ਤੀਵੀਂ ਹੈ, ਆਪਣੀ ਤਾਰੀਫ਼ ਸੁਣ ਕੇ ਪਿਘਲ ਗਈ। ਜਿਤਨਾ ਉਸ ਨੇ ਆਪਣੇ ਆਪ ਨੂੰ ਜ਼ਲੀਲ ਸਾਬਤ ਕੀਤਾ ਉਤਨਾ ਹੀ ਉਹ ਉਸ ਨੂੰ ਈਮਾਨਦਾਰ ਸਮਝੀ।

ਮੁਹਜ਼ਬ-ਉਦ-ਦੀਨ : ਸੁਲਤਾਨ ਅਲਤਮਸ਼ ਦੇ ਵੇਲੇ ਵੀ ਇਹ ਅਜੇਹੇ ਸ਼ਸਤਰ ਵਰਤਦਾ ਸੀ। ਜਦੋਂ

ਉਹ ਆਖ਼ਰੀ ਦਮਾਂ ਤੇ ਸਨ ਤਾਂ ਇਹ ਕਮੀਨਾ ਪਹਿਲਾਂ ਰਜ਼ੀਆ ਨੂੰ ਮਿਲਿਆ। ਜਦੋਂ ਦੇਖਿਆ ਕਿ ਰੁਕਨ-ਉਦ-ਦੀਨ ਦਾ ਪਾਸਾ ਭਾਰੀ ਹੈ ਤਾਂ ਸ਼ਾਹ ਤੁਰਕਾਨ ਦਾ ਵਫ਼ਾਦਾਰ ਬਣ ਗਿਆ। ਰੁਕਨ-ਉਦ-ਦੀਨ ਖ਼ਤਮ ਹੋਇਆ ਤਾਂ ਰਜ਼ੀਆ ਦਾ ਪੱਕਾ ਹਾਮੀ। ਦਿੱਲੀ ਨੂੰ ਕਮਜ਼ੋਰ ਸਮਝਿਆ ਤਾਂ ਅਫ਼ਗਾਨਾਂ ਨਾਲ ਗਠਜੋੜ। ਇਸ ਦੀ ਅੱਖ ਵਿਚ ਪਲ ਪਲ ਬਦਲਦੀ ਵਫ਼ਾਦਾਰੀ ਹੈ। ਮੈਨੂੰ ਇਸ ਉਤੇ ਉੱਕਾ ਵਿਸ਼ਵਾਸ ਨਹੀਂ।

(ਬੁਲਬਨ ਆਉਂਦਾ ਹੈ।)

ਬਲਬਨ : ਲਾਹੌਰ ਦੀ ਜਿੱਤ ਲਈ ਮੁਬਾਰਕਬਾਦ!

ਅਲਪਤਗੀਨ : ਪਰ ਇਹ ਜਿੱਤ ਇਸ ਵੇਲੇ ਤਾਂ ਹਾਰ ਬਣ ਗਈ।

ਬਲਬਨ : ਕਿਉਂ ?

ਅਲਪਤਗੀਨ : ਕਬੀਰ-ਖਾਨਿ-ਅਯਾਜ਼ ਨੇ ਰੋ ਰੋ ਕੇ ਮੁਆਫ਼ੀ ਮੰਗੀ। ਪੈਰਾਂ ਵਿਚ ਡਿੱਗ ਕੇ ਤਰਲੇ ਕੀਤੇ। ਰੱਜ ਕੇ ਖ਼ੁਸ਼ਾਮਦ ਕੀਤੀ। ਆਪਣੇ ਆਪ ਨੂੰ ਲਾਅਨਤ ਪਾਈ ਅਤੇ ਉਸ ਨੇ ਮੁਆਫ਼ ਕਰ ਦਿਤਾ। ਲਾਹੌਰ ਦੇ ਨਾਲ ਮੁਲਤਾਨ ਵੀ ਬਖ਼ਸ਼ ਦਿਤਾ।

ਬਲਬਨ : ਇਸ ਵੇਲੇ ਹਵਾ ਦਾ ਰੁਖ਼ ਮਲਿਕਾ ਦੇ ਨਾਲ ਹੈ। ਇਹ ਕਿਹੋ ਜਿਹੀ ਹਵਾ ਹੈ। ਉਸ ਦਾ ਹਰ ਕਦਮ ਉਸ ਨੂੰ ਸਿਖਰ ਵਲ ਲਿਜਾਂਦਾ ਹੈ। ਇਹ ਕੇਵਲ ਉਸ ਦੀ ਰਾਜਨੀਤਕ ਸੂਝ ਦੀ ਗੱਲ ਨਹੀਂ, ਹਾਲਾਤ ਉਸ ਦੇ ਅਨੁਕੂਲ ਹਨ। ਪਰਜਾ ਉਸ ਦੇ ਨਾਲ ਹੈ। ਮਾਲੀਆ ਮੁਆਫ਼, ਤੁਰਕ ਤੇ ਤਾਜਿਕ ਸਰਦਾਰਾਂ ਦੀ ਬੇਇੱਜ਼ਤੀ। ਉਨ੍ਹਾਂ ਦੀ ਥਾਂ ਦਿੱਲੀ ਦੇ ਮੁਸਲਮਾਨਾਂ ਨੂੰ ਅਗੇ ਲਿਆ ਰਹੀ ਹੈ। ਘਟੀਆ ਮੁਸਲਮਾਨ। ਉਨ੍ਹਾਂ ਦਾ ਪਹਿਰਾਵਾ, ਰਹਿਣੀ ਬਹਿਣੀ ਮੁਸਲਮਾਨਾਂ ਵਰਗੀ, ਪਰ ਉਨ੍ਹਾਂ ਦੇ ਦਿਲ ਅੰਦਰ ਹਿੰਦੂਆਂ ਦੀ ਕਾਇਰਤਾ ਤੇ ਮੌਕਾ-ਪ੍ਰਸਤੀ ਹੈ। ਇਹ ਲੋਕ ਹੌਲੀ ਹੌਲੀ ਸਾਨੂੰ ਤੁਰਕਾਂ ਨੂੰ ਹੜੱਪ ਕਰ ਜਾਣਗੇ।

ਮੁਹਜ਼ਬ-ਉਦ-ਦੀਨ : ਉਸ ਨੇ ਨਸਲ ਤੇ ਮਜ਼ਹਬ ਦੇ ਵਿਤਕਰੇ ਨੂੰ ਮਿਟਾਉਣ ਦਾ ਨਾਅਰਾ ਲਾਇਆ ਹੈ ਜਿਸ ਨਾਲ ਮੁਕਾਮੀ ਲੋਕ ਖ਼ੁਸ਼ ਹਨ।

ਬਲਬਨ : ਇਹ ਸਭ ਵਕਤੀ ਗੱਲਾਂ ਹਨ। ਨਾ ਨਸਲ ਮਿਟ ਸਕਦੀ ਹੈ ਨਾ ਮਜ਼ਹਬ। ਸਗੋਂ ਇਕ ਮਜ਼ਬੂਤ ਸਲਤਨਤ ਲਈ ਇਹੋ ਵਿਤਕਰਾ ਸਭ ਤੋਂ ਵਡਾ ਸਹਾਰਾ ਹੈ। ਇਸ ਵੇਲੇ ਸਬਰ ਦੀ ਲੋੜ ਹੈ।

ਮੁਹਜ਼ਬ-ਉਦ-ਦੀਨ : ਤੂੰ ਕੀ ਕਰੇਂਗਾ ?

ਬਲਬਨ : ਉਡੀਕਾਂਗਾ।

ਮੁਹਜ਼ਬ-ਉਦ-ਦੀਨ : ਕਿਸ ਗੱਲ ਦੀ ਉਡੀਕ ?

ਬਲਬਨ : ਮਲਿਕਾ ਨੂੰ ਪੱਕਾ ਵਿਸ਼ਵਾਸ ਹੋ ਜਾਵੇ ਕਿ ਅਸੀਂ ਉਸ ਦੇ ਵਫ਼ਾਦਾਰ ਹਾਂ ਅਤੇ ਪਰਜਾ ਵਿਚ ਉਹ ਹਰਦਿਲ-ਅਜ਼ੀਜ਼ ਹੈ। ਸਾਨੂੰ ਚਾਹੀਦਾ ਹੈ ਕਿ ਉਸਦੀ ਹਰਦਿਲ-ਅਜ਼ੀਜ਼ੀ ਦੀ ਡੌਂਡੀ ਪਿੱਟੀਏ। ਸਾਰੀ ਦਿੱਲੀ ਵਿਚ ਥਾਂ ਥਾਂ ਲੋਕਾਂ ਦੇ ਸਾਹਮਣੇ ਉਸ ਦੀ ਦਰਿਆਦਿਲੀ ਤੇ ਹਰਦਿਲ-ਅਜ਼ੀਜ਼ੀ ਦਾ ਚਰਚਾ ਕਰੀਏ।

ਮੁਹਜ਼ਬ-ਉਦ-
ਦੀਨ : ਕੀ ਮਤਲਬ ?

ਬਲਬਨ : ਜੇ ਲੋਕਾਂ ਉਤੇ ਦਰਿਆਦਿਲੀ ਤੇ ਹਰਦਿਲ ਅਜ਼ੀਜ਼ੀ ਦੀ ਗੱਲ ਜ਼ਬਰਦਸਤੀ ਠੋਸੀ ਜਾਏ ਤਾਂ ਕੁਝ ਲੋਕ ਜ਼ਰੂਰ ਖ਼ਿਲਾਫ਼ ਬੋਲਣਗੇ। ਮਲਿਕਾ ਦੀ ਪੂਰਾ ਜ਼ੋਰ ਲਾ ਕੇ ਹਮਾਇਤ ਕਰੋ — ਏਨੀ ਹਮਾਇਤ ਕਿ ਲੋਕਾਂ ਦੇ ਦਿਮਾਗ਼ ਛਿੱਲੇ ਜਾਣ. ਜਿਵੇਂ ਭਾਰੇ ਜੂਲੇ ਹੇਠ ਬਲਦਾਂ ਦੀ ਧੌਣ ਛਿੱਲੀ ਜਾਂਦੀ ਹੈ। ਸ਼ਹਿਰ ਵਿਚ ਯਾਕੂਤ ਦੇ ਇਸ਼ਕ ਦਾ ਚਰਚਾ ਹੈ। ਪਰ ਦੱਬੀ ਜ਼ਬਾਨ ਨਾਲ। ਪਰਜਾ ਨੂੰ ਭੜਕਾਉਣ ਲਈ ਇਸ ਹਬਸ਼ੀ ਦੇ ਕੋਝੇ ਇਸ਼ਕ ਦਾ ਕਿੱਸਾ ਬੜਾ ਜ਼ਰੂਰੀ ਹੈ। ਦਿੱਲੀ ਦੇ ਲੋਕ ਰਜ਼ੀਆ ਨੂੰ ਪਵਿੱਤਰਤਾ ਦੀ ਮੂਰਤੀ ਆਖਦੇ ਹਨ। ਉਸ ਦੀ ਪੂਜਾ ਕਰਦੇ ਹਨ। ਉਹ ਉਨ੍ਹਾਂ ਲਈ ਇਕ ਦੇਵੀ ਹੈ ਜਿਸ ਨੂੰ ਕੋਈ ਸਾਧਾਰਨ ਮਨੁੱਖ ਛੋਹ ਨਹੀਂ ਸਕਦਾ। ਸੁਲਤਾਨ ਅਲਤਮਸ਼ ਨੇ ਇਸ ਦਾ ਇਹੋ ਸੰਕਲਪ ਲੋਕਾਂ ਦੇ ਦਿਲਾਂ ਵਿਚ ਵਸਾਇਆ। ਇਸ ਨੂੰ ਤੋੜਨਾ ਮੁਸ਼ਕਿਲ ਹੈ। ਸਿਰਫ਼ ਇਕੋ ਤਰੀਕਾ ਹੈ — ਯਾਕੂਤ ਦੇ ਇਸ਼ਕ ਦਾ ਚਰਚਾ। ਮਲਿਕਾ ਦੀ ਹਬਸ਼ੀ ਉਤੇ ਮਿਹਰਬਾਨੀ। ਜਦੋਂ ਲੋਕਾਂ ਨੂੰ ਪਤਾ ਚਲੇਗਾ ਕਿ ਮਲਿਕਾ ਹਬਸ਼ੀ ਨਾਲ ਘੋੜੇ ਦੀ ਸਵਾਰੀ ਲਈ ਜਾਂਦੀ ਹੈ ਅਤੇ ਫਿਰ ਰਾਤ ਨੂੰ ਇਹ ਕੋਝਾ ਹਬਸ਼ੀ ਉਸ ਦੇ ਕਮਰੇ ਵਿਚ ਹੁੰਦਾ ਹੈ ਤਾਂ ਲੋਕ ਨਫ਼ਰਤ ਨਾਲ ਭੜਕ ਉਠਣਗੇ। ਉਨ੍ਹਾਂ ਨੂੰ ਇਉਂ ਮਹਿਸੂਸ ਹੋਵੇਗਾ ਜਿਵੇਂ ਕੋਈ ਕਾਲਾ ਧੂਤ ਹਬਸ਼ੀ ਉਨ੍ਹਾਂ ਦੀ ਭੈਣ ਦੇ ਨਾਲ ਭੋਗ ਕਰ ਰਿਹਾ ਹੈ— ਉਨ੍ਹਾਂ ਦੀ ਧੀ ਦੇ ਦੂਧੀਆ ਸਰੀਰ ਨੂੰ ਅਪਵਿੱਤਰ ਕਰ ਰਿਹਾ ਹੈ। ਉਹ ਰਜ਼ੀਆ ਨੂੰ ਕਦੇ ਮੁਆਫ਼ ਨਹੀ ਕਰਨਗੇ।

(ਸਾਰੇ ਇਕ ਦੂਜੇ ਨਾਲ ਬਗ਼ਲਗੀਰ ਹੁੰਦੇ ਹਨ। ਮੁਹਜ਼ਬ-ਉਦ-ਦੀਨ ਤੇ ਅਲਪਤਗੀਨ ਜਾਂਦੇ ਹਨ। ਯਾਕੂਤ ਆਉਂਦਾ ਹੈ।)

ਯਾਕੂਤ : ਜਾਣਦਾ ਹਾਂ ਤੂੰ ਮੇਰੇ ਵਿਰੁਧ ਜ਼ਹਿਰ ਘੋਲ ਰਿਹਾ ਹੈਂ। ਤੇਰੇ ਦਿਲ ਵਿਚ ਖੋਰ ਹੈ।

ਬਲਬਨ : ਤੂੰ ਸਮਝਦਾ ਹੈਂ ਕਿ ਮਲਿਕਾ ਦੇ ਦਿਲ ਵਿਚ ਥਾਂ ਬਣਾ ਲਈ ਤਾਂ ਇਹ ਦਰਬਾਰ ਤੈਨੂੰ ਕਬੂਲ ਕਰ ਲਏਗਾ ?

ਯਾਕੂਤ : ਮੈਨੂੰ ਇਸ ਦੀ ਲੋੜ ਨਹੀਂ।

ਬਲਬਨ : ਤੇਰੀ ਹੋਂਦ ਤੁਰਕਾਂ ਦਾ ਨਿਰਾਦਰ ਹੈ। ਪਹਿਲੇ ਦਿਨ ਜਦ ਤੂੰ ਦਰਬਾਰ ਵਿਚ ਲਿਆਂਦਾ ਗਿਆ ਤਾਂ ਮੈਂ ਮਲਿਕਾ ਅਗੇ ਤੇਰੀ ਸਿਫ਼ਾਰਸ਼ ਕੀਤੀ। ਤੂੰ ਜਾਨਵਰ ਵਾਂਗ ਬੇਜ਼ਬਾਨ ਸੈਂ। ਇਹੋ ਚੀਜ਼ ਤੈਨੂੰ ਮਲਿਕਾ ਦੇ ਨੇੜੇ ਲੈ ਆਈ। ਪਰ ਉਹ ਤੈਨੂੰ ਕੇਵਲ ਇਕ ਸਾਧਨ ਸਮਝਦੀ ਹੈ. ਇਕ ਵਸੀਲਾ ਤਾਂ ਜੁ ਉਸ ਦਾ ਤਰੀਮਤ-ਪਨ ਬਣਿਆ ਰਹੇ। ਉਹ ਤੈਨੂੰ ਮੁਹੱਬਤ ਨਹੀਂ ਕਰ ਸਕਦੀ!

ਯਾਕੂਤ : ਖ਼ਬਰਦਾਰ!

ਬਲਬਨ : ਮੈਨੂੰ ਸੱਚ ਬੋਲਣ ਤੋਂ ਕੌਣ ਰੋਕ ਸਕਦਾ ਹੈ! ਤੂੰ ਕਾਲਾ ਧੌਂਬਾ ਹੈਂ!

ਯਾਕੂਤ : ਜੀਭ ਸੰਭਾਲ!

ਬਲਬਨ : ਗ਼ੁਲਾਮ ਤੋਂ ਅਮੀਰ ਬਣ ਗਿਆ ਤਾਂ ਆਪਣਾ ਪਿੱਛਾ ਭੁਲ ਗਿਆ ?

ਯਾਕੂਤ : ਤੂੰ ਵੀ ਗ਼ੁਲਾਮ ਸੈਂ!

ਬਲਬਨ : ਸ਼ੈਤਾਨ! ਮੇਰੇ ਖ਼ਾਨਦਾਨ ਨੂੰ ਨਿੰਦਦਾ ਹੈਂ ?

(ਤਲਵਾਰ ਕੱਢ ਲੈਂਦਾ ਹੈ।)

ਯਾਕੂਤ : ਤੇਰੀ ਇਹ ਮਜਾਲ!

(ਤਲਵਾਰ ਕੱਢ ਲੈਂਦਾ ਹੈ।)

ਬਲਬਨ : ਨੀਚ ਹਬਸ਼ੀ! ਕਾਲੇ ਤੁਖ਼ਮ!

(ਦੋਨੋਂ ਇਕ ਦੂਜੇ ਉੱਤੇ ਝਪਟਦੇ ਹਨ। ਰਜ਼ੀਆ ਦਾਖ਼ਿਲ ਹੁੰਦੀ ਹੈ। ਦੋ ਆਹਨਪੋਸ਼ ਉਸ ਦੇ ਪਿੱਛੇ ਪਿੱਛੇ।)

ਰਜ਼ੀਆ : ਠਹਿਰੋ! ਸਾਨੂੰ ਪਤਾ ਨਹੀਂ ਸੀ ਕਿ ਤੂੰ ਇਤਨਾ ਖ਼ੇਰੀ ਤੇ ਰੌਂਦਾਰ ਨਿਕਲੇਂਗਾ। ਗ੍ਰਿਫ਼ਤਾਰ ਕਰ ਲਵੋ ਇਸ ਨੂੰ।

(ਆਹਨਪੋਸ਼ ਬਲਬਨ ਵਲ ਵਧਦੇ ਹਨ ਤੇ ਉਸ ਦੀ ਤਲਵਾਰ ਖੋਹ ਲੈਂਦੇ ਹਨ। ਯਾਕੂਤ ਸਿਰ ਝੁਕਾ ਕੇ ਚਲਾ ਜਾਂਦਾ ਹੈ।)

ਬਲਬਨ : ਇਹ ਖ਼ਾਦਿਮ ਤੁਹਾਡੇ ਖ਼ਿਲਾਫ਼ ਗੱਲਾਂ ਸੁਣ ਕੇ ਚੁਪ ਨਾ ਰਹਿ ਸਕਿਆ।

ਰਜ਼ੀਆ : ਅਸੀਂ ਸਭ ਕੁਝ ਸੁਣ ਲਿਆ। ਤੈਨੂੰ ਚੰਗੀ ਤਰ੍ਹਾਂ ਪਛਾਣਦੇ ਹਾਂ। ਤੂੰ ਮੇਵਾਤ ਦੇ ਸਰਦਾਰਾਂ ਨੂੰ ਭੜਕਾਇਆ। ਕਬੀਰ-ਖ਼ਾਨਿ-ਅਯਾਜ਼ ਨੂੰ ਬਗ਼ਾਵਤ ਲਈ ਉਕਸਾਇਆ, ਤੇ ਹੁਣ ਸਾਡੇ ਵਿਰੁਧ ਦਰਬਾਰ ਵਿਚ ਜ਼ਹਿਰ ਘੋਲ ਰਿਹਾ ਹੈਂ। ਲੈ ਜਾਓ ਇਸ ਨੂੰ!

ਬਲਬਨ : ਮਲਕਾਇ-ਆਲੀਆ, ਮੈਨੂੰ ਮੁਆਫ਼ ਕਰ ਦੇਵੋ। ਮੈਂ ਸੈਂਲਾਂ ਵਰ੍ਹੇ ਇਸ ਤਖ਼ਤ ਦੀ ਸੇਵਾ ਕੀਤੀ। ਸਦਾ ਤੁਹਾਡਾ ਵਫ਼ਾਦਾਰ ਰਿਹਾ। ਮੇਰੇ ਵਲੋਂ ਤੁਹਾਨੂੰ ਬਦਗੁਮਾਨੀ ਹੋ ਗਈ।

ਰਜ਼ੀਆ : ਅਹਿਸਾਨ-ਫ਼ਰਾਮੋਸ਼! ਜਦ ਤੈਨੂੰ ਸਮਰਕੰਦ ਤੋਂ ਗ਼ੁਲਾਮਾਂ ਦੀ ਟੋਲੀ ਵਿਚ ਦਿੱਲੀ ਲਿਆਂਦਾ ਗਿਆ ਤਾਂ ਮੇਰੇ ਔਬਾ ਨੇ ਉਨ੍ਹਾਂ ਵਿਚੋਂ ਸੌ ਗ਼ੁਲਾਮ ਖ਼ਰੀਦੇ, ਪਰ ਤੈਨੂੰ ਨਾ ਚੁਣਿਆ। ਤੂੰ ਬਦਸੂਰਤ ਸੈਂ — ਕੋਝੀ ਸ਼ਕਲ ਵਾਲਾ। ਤੂੰ ਮਿੰਨਤਾਂ ਕੀਤੀਆਂ। ਆਖ਼ਿਰ ਉਹ ਮੰਨ ਗਏ ਤੇ ਤੈਨੂੰ ਖ਼ਰੀਦ ਕੇ ਕਹਾਰਾਂ ਦੀ ਟੋਲੀ ਵਿਚ ਸ਼ਾਮਿਲ ਕਰ ਲਿਆ। ਤੈਨੂੰ ਤਰੱਕੀ ਦਾ ਮੌਕਾ ਦਿੱਤਾ, ਉਚੀ ਸਸਤਰ-ਵਿੱਦਿਆ ਦਿੱਤੀ, ਫ਼ੌਜ ਵਿਚ ਚੰਗਾ ਅਹੁਦਾ ਦਿਤਾ, ਅਤੇ ਸਭ ਤੋਂ ਵੱਡੀ ਇੱਜ਼ਤ ਇਹ ਬਖ਼ਸ਼ੀ ਕਿ ਮੇਰੀ ਭੈਣ ਜ਼ੈਨਬ ਨਾਲ ਤੇਰਾ ਨਿਕਾਹ ਕੀਤਾ। ਇਸ ਤਰ੍ਹਾਂ ਕਰਾਖ਼ਤਾਈ ਨਸਲ ਦੇ ਅਲਬਰੀ ਕਬੀਲੇ ਨਾਲ ਤੇਰਾ ਰਿਸ਼ਤਾ ਜੁੜ ਗਿਆ। ਤੂੰ ਆਪਣੀ ਤਲਵਾਰ ਖ਼ੂਨ ਵਿਚ ਡੁਬੋ ਕੇ ਸੌਂਹ ਚੁੱਕੀ ਸੀ ਕਿ ਸ਼ਮਸੀ ਤਖ਼ਤ ਦਾ ਵਫ਼ਾਦਾਰ ਰਹੇਂਗਾ। ਪਰ ਤੇਰੀ ਵਫ਼ਾਦਾਰੀ ਇਕ ਮਿਆਨ ਹੈ ਜਿਸ ਦੇ ਅੰਦਰ ਬਦਲੇ ਦੀ ਭਾਵਨਾ ਲੁਕੀ ਹੋਈ ਹੈ। ਤੂੰ ਮੁਆਫ਼ੀ ਦੇ ਕਾਬਿਲ ਨਹੀਂ। ਲੈ ਜਾਓ ਇਸ ਨੂੰ ਤੇ ਕੈਦਖ਼ਾਨੇ ਵਿਚ ਸੁੱਟ ਦਿਉ!

(ਆਹਨਪੋਸ਼ ਉਸ ਨੂੰ ਦੋਹਾਂ ਪਾਸਿਉਂ ਫੜ ਲੈਂਦੇ ਹਨ।)

ਲੈ ਜਾਉ! ਮੈਂ ਇਸ ਦੀ ਸ਼ਕਲ ਦੇਖਣਾ ਨਹੀਂ ਚਾਹੁੰਦੀ। ਜਾਓ। ਜਾਓ!

(ਜ਼ੈਨਬ ਦੌੜਦੀ ਹੋਈ ਆਉਂਦੀ ਹੈ ਤੇ ਰਜ਼ੀਆ ਦੇ ਪੈਰਾਂ ਵਿਚ ਡਿੱਗ ਪੈਂਦੀ ਹੈ।)

ਜ਼ੈਨਬ : ਦੁਹਾਈ! ਮੈਂ ਲੁੱਟੀ ਜਾਵਾਂਗੀ! ਭੈਣ ਇਨ੍ਹਾਂ ਨੂੰ ਮੁਆਫ਼ ਕਰ ਦਿਉ! ਮੈਂ ਬੜਾ ਸਮਝਾਇਆ ਕਿ ਜੀਭ ਉੱਤੇ ਕਾਬੂ ਰਖੋ, ਪਰ ਨਸੀਬਾਂ ਦਾ ਚੱਕਰ। ਇਨ੍ਹਾਂ ਦੇ ਦਿਲ ਵਿਚ ਕੁਝ ਨਹੀਂ। ਜੇ ਕੁਝ ਹੁੰਦਾ ਤਾਂ ਇਸ ਤਰ੍ਹਾਂ ਨਾ ਭੜਕਦੇ। ਇਹ ਤੁਹਾਡੀ ਸੇਵਾ ਲਈ ਤਰਸਦੇ ਹਨ। ਇਸੇ ਭਾਵਨਾ ਨੇ ਇਨ੍ਹਾਂ ਨੂੰ ਪਰੇਸ਼ਾਨ

ਕਰ ਦਿਤਾ ਤੇ ਇਹ ਤੁਹਾਡੇ ਤੋਂ ਦੂਰ ਹੋ ਗਏ। ਖ਼ੁਦਾ ਵਾਸਤੇ ਕੁਝ ਬੋਲੋ। ਆਪਣਾ ਹੁਕਮ ਵਾਪਸ ਲੈ ਲਉ! ਮੇਰਾ ਕਾਲਜਾ ਮੱਚ ਰਿਹਾ ਹੈ। ਦੁਨੀਆਂ ਹਨੇਰੀ ਹੋ ਗਈ। ਮੇਰਾ ਸਭ ਕੁਝ ਲੁੱਟਿਆ ਜਾਵੇਗਾ। ਮੈਂ ਦੁੱਧ ਦਾ ਵਾਸਤਾ ਪਾਉਂਦੀ ਹਾਂ, ਆਪਣੇ ਸੁਹਾਗ ਦਾ, ਉਸ ਬੱਚੇ ਦਾ ਜੋ ਮੇਰੀ ਕੁੱਖ ਵਿਚ ਪਲ ਰਿਹਾ ਹੈ। ਇਨ੍ਹਾਂ ਨੂੰ ਮੁਆਫ਼ ਕਰ ਦਿਉ। ਤੁਸੀਂ ਵੱਡੀ ਭੈਣ ਹੋ। ਤੁਹਾਡੇ ਬਿਨਾਂ ਮੇਰਾ ਕੌਣ ਹੈ। ਆਪਣਾ ਹੱਥ ਮੇਰੇ ਸਿਰ ਉਤੇ ਰਖ ਦਿਉ। ਮੈਂ ਤੁਹਾਡੇ ਪੈਰੀਂ ਪੈਂਦੀ ਹਾਂ। ਆਪਣੀ ਅਭਾਗੀ ਭੈਣ ਉਤੇ ਤਰਸ ਕਰੋ!

(ਸਿਸਕਣ ਲੱਗਦੀ ਹੈ।)

ਰਜ਼ੀਆ : ਆਪਣੀ ਭੈਣ ਖ਼ਾਤਰ ਤੈਨੂੰ ਮੁਆਫ਼ ਕਰਦੀ ਹਾਂ, ਪਰ ਤੂੰ ਵਜ਼ੀਰਿ-ਖ਼ਾਸ ਦੇ ਅਹੁਦੇ ਦੇ ਕਾਬਿਲ ਨਹੀਂ। ਅੱਜ ਤੋਂ ਤੈਨੂੰ ਅਮੀਰਿ-ਸ਼ਿਕਾਰ ਨਿਯਤ ਕੀਤਾ ਜਾਂਦਾ ਹੈ। ਤੇਰੀਆਂ ਰਗਾਂ ਵਿਚ ਖ਼ੂਨ ਖ਼ਰਾਬਾ ਹੈ। ਇਸ ਭਾਵਨਾ ਨੂੰ ਸ਼ਾਂਤ ਕਰਨ ਲਈ ਮਨੁੱਖਾਂ ਦੀ ਥਾਂ ਜੰਗਲੀ ਜਾਨਵਰਾਂ ਦਾ ਖ਼ੂਨ ਵਹਾਅ। ਉਨ੍ਹਾਂ ਨਾਲ ਟੱਕਰ ਲੈ।

(ਚਲੀ ਜਾਂਦੀ ਹੈ। ਆਹਨਪੋਸ਼ ਜਾਂਦੇ ਹਨ।)

ਬਲਬਨ : ਉਸ ਦੇ ਬੋਲ ਮੇਰੇ ਸੀਨੇ ਵਿਚ ਉਤਰ ਗਏ। ਸ਼ਿਕਾਰ ਹੁਣ ਮੇਰੇ ਲਈ ਕੇਵਲ ਲਹੂ ਗਰਮ ਰਖਣ ਦਾ ਬਹਾਨਾ ਹੈ। ਇਕ ਦਿਨ ਆਵੇਗਾ ਜਦੋਂ ਇਹ ਘੁਮੰਡੀ ਔਰਤ ਮੇਰੀ ਰਾਜਨੀਤੀ ਦੇ ਜਾਲ ਦਾ ਸ਼ਿਕਾਰ ਹੋਵੇਗੀ।

ਜ਼ੈਨਬ: ਤੂੰ ਗ਼ਲਤੀ ਕਰ ਰਿਹਾ ਏਂ। ਉਸ ਦੇ ਹੱਥ ਵਿਚ ਤਾਕਤ ਹੈ।

ਬਲਬਨ: ਇਹ ਸਭ ਰਾਗ ਰੰਗ ਵਿਚ ਡੁੱਬੇ ਹੋਏ ਹਨ ਜਾਂ ਭਾਵਨਾਵਾਂ ਵਿਚ। ਰਾਜਨੀਤੀ ਦਾ ਭਾਵਨਾਵਾਂ ਨਾਲ ਕੀ ਸੰਬੰਧ ? ਇਸ ਵਿਚ ਤੇਜ਼ ਖ਼ੰਜਰ ਦੀ ਬੇਫ਼ਿਕਰ ਚਮਕ ਚਾਹੀਦੀ ਹੈ। ਸਮਸੀ ਦਰਬਾਰ ਦੀਆਂ ਨਸਾਂ ਵਿਚ ਗੰਦਾ ਖ਼ੂਨ ਇਕੱਠਾ ਹੋ ਗਿਆ ਹੈ। ਨਸ਼ਤਰ ਦੀ ਲੋੜ ਹੈ, ਤਦੇ ਸ਼ਾਂਤੀ ਮਿਲੇਗੀ। ਇਹ ਲੋਕ ਸਲਤਨਤ ਦੇ ਕਾਬਿਲ ਨਹੀਂ। ਰੁਕਨ-ਉਦ-ਦੀਨ ਸ਼ਰਾਬ ਵਿਚ ਡੁੱਬਿਆ ਰਿਹਾ, ਬਹਿਰਾਮ ਸ਼ਾਹ ਰੰਡੀਆਂ ਤੇ ਭੰਡਾਂ ਦਾ ਸ਼ੌਕੀਨ ਹੈ, ਰਜ਼ੀਆ ਯਾਕੂਤ ਦੇ ਜਾਲ ਵਿਚ ਫਸੀ ਹੋਈ ਹੈ, ਅਤੇ ਨਾਸਰ-ਉਦ-ਦੀਨ ਮਹਿਮੂਦ ਨੂੰ ਰੋਜ਼ੇ ਨਮਾਜ਼ ਤੋਂ ਵਿਹਲ ਨਹੀਂ। ਜੇ ਮੈਨੂੰ ਮੌਕਾ ਮਿਲੇ ਤਾਂ ਥੋੜੇ ਜਿਹੇ ਦਿਨਾਂ ਵਿਚ ਹੀ ਇਸ ਹਫ਼ੜਾਦਫ਼ੜੀ ਨੂੰ ਖ਼ਤਮ ਕਰ ਸਕਦਾ ਹਾਂ। ਮੇਰੇ ਮਨ ਅੰਦਰ ਜੋ ਸੁਪਨਾ ਕੰਬ ਰਿਹਾ ਹੈ ਉਸ ਦੀ ਪੂਰਤੀ ਲਈ ਖ਼ੂਨ ਤੇ ਲੋਥਾਂ ਵਿਚੋਂ ਦੀ ਲੰਘਣਾ ਹੋਵੇਗਾ!

(ਹਨੇਰਾ)

## ਸੀਨ ਪੰਜਵਾਂ

(ਬਠਿੰਡੇ ਦੇ ਨੇੜੇ ਰਜ਼ੀਆ ਦਾ ਤੰਬੂ। ਰਜ਼ੀਆ ਤੇ ਯਾਕੂਤ।)

ਰਜ਼ੀਆ : ਤੂੰ ਨਹੀਂ ਜਾ ਸਕਦਾ।

ਯਾਕੂਤ : ਮੇਰੀ ਹੋਂਦ ਤੁਹਾਡੇ ਲਈ ਖ਼ਤਰਾ ਹੈ।

ਰਜ਼ੀਆ : ਇਹ ਖ਼ਤਰਾ ਮੇਰੇ ਜੀਵਨ ਦਾ ਮੂਲ ਮਨੋਰਥ ਹੈ। ਇਸ ਖ਼ਤਰੇ ਵਿਚ ਅਜੀਬ ਝਰਨਾਟ ਹੈ। ਇਕ ਅਜੀਬ ਆਨੰਦ। ਜੀਅ ਕਰਦਾ ਹੈ ਕਿ ਇਸ ਖ਼ਤਰੇ ਦੀਆਂ ਡੂੰਘਾਣਾਂ ਵਿਚ ਉਤਰਦੀ ਚਲੀ ਜਾਵਾਂ। ਯਾਕੂਤ, ਤੂੰ ਆਪ ਨਹੀਂ ਜਾਣਦਾ

ਕਿ ਤੂੰ ਕੀ ਆਖ ਰਿਹਾ ਹੈਂ। ਅਸੀਂ ਦੋਵੇਂ ਉਸ ਮਹਾਨ ਖ਼ਤਰੇ ਵਿਚ ਘਿਰੇ ਹੋਏ ਹਾਂ ਜੋ ਪਿਆਰ ਦੀਆਂ ਸੀਮਾਵਾਂ ਵਿਚ ਤੜਪਦਾ ਹੈ ਤੇ ਜਿਸ ਨੂੰ ਪੇਖਣ ਲਈ ਮੈਨੂੰ ਤੇਰੀ ਲੋੜ ਹੈ। ਜਦੋਂ ਤੂੰ ਜ਼ਖ਼ਮੀ ਹੋ ਕੇ ਤੰਬੂ ਵਿਚ ਪਿਆ ਸੈਂ — ਪੰਜਾਹ ਕੋਹ ਦੀ ਵਿੱਥ ਉੱਤੇ — ਤਾਂ ਮੇਰਾ ਜੀਅ ਕੀਤਾ ਕਿ ਤੈਨੂੰ ਆ ਕੇ ਦੇਖਾਂ। ਮੈਂ ਮਹਿਲ ਦੇ ਕਮਰੇ ਵਿਚ ਪਈ ਸੋਚਦੀ ਰਹੀ ਕਿ ਮੈਂ ਕਿੰਨੀ ਮਜਬੂਰ ਹਾਂ, ਕਿੰਨੀ ਲਾਚਾਰ, ਇਸ ਤਖ਼ਤ ਦੀ ਕੈਦੀ। ਆਖ਼ਿਰ ਮੈਂ ਆਪਣੀ ਬਾਂਦੀ ਦੇ ਕਪੜੇ ਪਹਿਨੇ ਤੇ ਖ਼ੁਫ਼ੀਆ ਆਹਨਪੋਸ਼ਾਂ ਦੇ ਨਾਲ ਘੋੜੇ ਤੇ ਸਵਾਰ ਹੋ ਕੇ ਤੇਰੇ ਕੋਲ ਪੁਜੀ। ਤੈਨੂੰ ਦੇਖ ਕੇ ਮੈਨੂੰ ਸ਼ਾਂਤੀ ਆ ਗਈ। ਮੈਂ ਆਪਣੇ ਆਪ ਨੂੰ ਕੋਸਿਆ ਕਿ ਮੈਂ ਕਿਉਂ ਆਈ। ਪਰ ਮੇਰੇ ਸੀਨੇ ਅੰਦਰ ਲੁਕੀ ਤੀਵੀਂ ਸ਼ੁਕਰ-ਗੁਜ਼ਾਰ ਸੀ। ਯਾਕੂਤ, ਮੈਂ ਕਮਜ਼ੋਰ ਹਾਂ। ਮੇਰਾ ਜ਼ੇਰ੍ਹਾ-ਬਕਤਰ, ਮਰਦਾਨਾ ਭੇਸ, ਮੇਰੀ ਤਲਵਾਰ — ਸਭ ਵਿਅਰਥ ਹਨ। ਮੈਨੂੰ ਰਾਤਾਂ ਨੂੰ ਆਸਮਾਨ ਵਿਚ ਮੇਰੀਆਂ ਨਜ਼ਰ ਆਉਂਦੀਆਂ ਹਨ ਤੇ ਜਮਨਾ ਦੇ ਪਾਣੀਆਂ ਵਿਚ ਤੂਫ਼ਾਨ। ਤੂੰ ਨਹੀਂ ਜਾ ਸਕਦਾ।

ਯਾਕੂਤ : ਤੇਰੇ ਅਮੀਰਾਂ ਦੀਆਂ ਅੱਖਾਂ ਵਿਚ ਖ਼ੰਜਰ ਹਨ, ਈਰਖਾ ਤੇ ਨਫ਼ਰਤ। ਮੈਂ ਖੁੱਲ੍ਹੇ ਮੈਦਾਨਾਂ ਵਿਚ ਉਨ੍ਹਾਂ ਨੂੰ ਲਲਕਾਰ ਸਕਦਾ ਹਾਂ, ਇਕੱਲੇ ਇਕੱਲੇ ਨਾਲ ਲੜ ਸਕਦਾ ਹਾਂ। ਪਰ ਸਾਜ਼ਿਸ਼ ਵਿਚ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦਾ। ਮੈਂ ਗ਼ੁਲਾਮ ਸਾਂ, ਪਰ ਆਪਣੀ ਨਿੱਕੀ ਜਿਹੀ ਦੁਨੀਆਂ ਵਿਚ ਆਜ਼ਾਦ। ਇਥੇ ਘੁਟਣ ਹੈ ਤੇ ਮੇਰੀ ਰੂਹ ਵਿਚ ਹਨੇਰਾ। ਮੈਂ ਫਿਰ ਮਾਰੂਥਲਾਂ ਦੀ ਫ਼ਿਜ਼ਾ ਵਿਚ ਨੱਸ ਜਾਣਾ ਚਾਹੁੰਦਾ ਹਾਂ ਜਿਥੇ ਮੇਰਾ ਅਤੀਤ ਦਬਿਆ ਪਿਆ ਹੈ। ਜਿਥੇ ਤੇਜ਼ ਗਰਮ ਵਾਵਰੋਲੇ ਮੇਰੇ ਸਰੀਰ ਨੂੰ ਝੁਲਸ ਦੇਣ। ਜਿਥੇ ਮੈਂ ਉਚੀ ਉਚੀ ਕੂਕ ਸਕਾਂ ਤੇ ਕੁਦਰਤ ਦੀਆਂ ਤਾਕਤਾਂ ਨਾਲ ਜੂਝ ਸਕਾਂ। ਮੈਂ ਤੇਰੀ ਬਖ਼ਸ਼ੀ ਹੋਈ ਤਲਵਾਰ ਵਾਪਸ ਕਰਦਾ ਹਾਂ। ਇਹ ਅਹੁਦਾ ਕਿਸੇ ਹੋਰ ਨੂੰ ਦੇ ਦੇਈਂ।

(ਤਲਵਾਰ ਉਸ ਦੇ ਸਾਹਮਣੇ ਰਖ ਦਿੰਦਾ ਹੈ।)

ਰਜ਼ੀਆ : ਤੂੰ ਵਹਿਸ਼ੀ ਹੈਂ। ਮੈਂ ਤੈਨੂੰ ਉਚੀ ਪਦਵੀ ਦਿਤੀ, ਇਸ ਦਰਬਾਰ ਦਾ ਸ਼ਿੰਗਾਰ ਬਣਾਇਆ, ਆਪਣੇ ਦਿਲ ਵਿਚ ਥਾਂ ਦਿਤੀ, ਪਰ ਤੂੰ ਇਸ ਦੀ ਬੇਅਦਬੀ ਕੀਤੀ। ਤੂੰ ਇਸ ਦੇ ਕਾਬਿਲ ਨਹੀਂ ਸੀ। ਤੂੰ ਨਿਰਾ ਇਕ ਗ਼ੁਲਾਮ ਹੈਂ — ਠੱਪੇ ਨਾਲ ਦਾਗਿਆ ਹੋਇਆ ਗ਼ੁਲਾਮ। ਨਿਕਲ ਜਾ ਤੇ ਮੈਨੂੰ ਸ਼ਕਲ ਨਾ ਦਿਖਾਈਂ!

(ਯਾਕੂਤ ਜਾਣ ਲਗਦਾ ਹੈ। ਰਜ਼ੀਆ ਛੁੱਟੀ ਲੈ ਕੇ ਉਸ ਦਾ ਰਾਹ ਰੋਕਦੀ ਹੈ।)

ਤੈਨੂੰ ਜਾਣ ਦਾ ਖ਼ਿਆਲ ਕਿਵੇਂ ਆਇਆ ?

ਯਾਕੂਤ : ਮੈਂ ਤੈਥੋਂ ਦੂਰ ਰਹਿਣਾ ਚਾਹੁੰਦਾ ਹਾਂ। ਇਥੇ ਖ਼ੁਸ਼ਾਮਦੀਆਂ ਦੇ ਸਾਹ ਦੀ ਬੋ ਹੈ। ਤੰਗਨਜ਼ਰੀ, ਈਰਖਾ, ਝੂਠ, ਧੋਖਾ। ਤੂੰ ਮੈਨੂੰ ਆਪਣੇ ਅਮੀਰਾਂ ਦੀ ਨਫ਼ਰਤ ਦਾ ਨਿਸ਼ਾਨਾ ਬਣਾ ਦਿਤਾ ਹੈ — ਉਨ੍ਹਾਂ ਦੇ ਪਸ਼ੂਪੁਣੇ ਤੇ ਕਮੀਨਗੀ ਦਾ ਬਿੰਦੂ। ਮੈਂ ਉਨ੍ਹਾਂ ਦੀ ਘ੍ਰਿਣਾ ਦਾ ਜ਼ਹਿਰ ਚੂਸ ਰਿਹਾ ਹਾਂ। ਮੇਰੇ ਅੰਦਰ ਜ਼ਹਿਰ ਭਰ ਗਿਆ ਹੈ। ਮੇਰੇ ਸਾਹ ਵਿਚ, ਮੇਰੀ ਨਸ ਨਸ ਵਿਚ ਜ਼ਹਿਰ ਹੈ।

ਰਜ਼ੀਆ : ਯਾਕੂਤ ਹੋਸ਼ ਵਿਚ ਆ।

ਯਾਕੂਤ : ਕਿਹਾ ਹੋਸ਼ ? ਕਿਸ ਦੇ ਲਈ ਹੋਸ਼ ? ਮੈਂ ਪਹਿਲੀ ਵਾਰ ਆਪਣੇ ਆਪ ਨੂੰ ਦੇਖ ਰਿਹਾ ਹਾਂ। ਮੈਂ ਉਹ ਹਾਂ ਜੋ ਨਹੀਂ ਹਾਂ। ਮੇਰਾ ਵਜੂਦ ਅਰਥਹੀਣ ਬਣ

ਗਿਆ ਹੈ। ਤੂੰ ਮੇਰੀ ਹਰ ਚੀਜ਼ ਉਤੇ ਕਬਜ਼ਾ ਚਾਹੁੰਦੀ ਹੈਂ — ਮੁਹੱਬਤ ਤੇ ਵੀ। ਖ਼ੁਦਗ਼ਰਜ਼ ਔਰਤ! ਤੂੰ ਇਸ ਦੀ ਮਹਾਨਤਾ ਨਹੀਂ ਜਾਣਦੀ — ਇਸ ਦੀ ਸ਼ਾਹਾਨਾ ਖ਼ੂਬਸੂਰਤੀ, ਇਸ ਦੀ ਸਿਖ਼ਰ ਜੋ ਤਾਰਿਆਂ ਨੂੰ ਛੋਂਹਦੀ ਹੈ। ਇਹ ਖ਼ੁਦ-ਮੁਖ਼ਤਾਰ ਹੈ। ਪਰ ਤੂੰ ਅਜਿਹੀ ਮੁਹੱਬਤ ਚਾਹੁੰਦੀ ਹੈਂ ਜਿਸ ਨੂੰ ਤੂੰ ਹੁਕਮ ਦੇ ਸਕੇਂ, ਉਸ ਨੂੰ ਕੋਰੜੇ ਮਾਰ ਸਕੇਂ, ਅਤੇ ਜੋ ਤੇਰੇ ਇਸ਼ਾਰੇ ਦੀ ਮੁਹਤਾਜ ਹੋਵੇ। ਮੈਂ ਠੋਕਰ ਮਾਰਦਾ ਹਾਂ ਇਸ ਨੂੰ।

ਰਜ਼ੀਆ : ਮੈਨੂੰ ਏਨਾ ਜ਼ਲੀਲ ਨਾ ਕਰ।

ਯਾਕੂਤ : ਤੂੰ ਏਨੀ ਬੇਬਸ ਤੇ ਕਮਜ਼ੋਰ ਹੈਂ — ਇਕ ਬੇਸਹਾਰਾ ਔਰਤ। ਸਾਡੇ ਦੋਹਾਂ ਦੇ ਪਾਤਰ ਬਦਲ ਗਏ ਹਨ। ਦੋਹਾਂ ਦੇ ਮੁਹਾਂਦਰੇ ਬਦਲ ਗਏ ਹਨ। ਹਾਲਾਤ ਨੇ ਸਾਨੂੰ ਦੋਹਾਂ ਨੂੰ ਉਲਟਾ ਦਿਤਾ ਹੈ। ਅਸੀਂ ਆਪਣੇ ਆਪ ਦਾ ਮਖ਼ੌਲ ਹਾਂ — ਇਕ ਨਿਰਦਈ ਬੇਫ਼ਿਕਰ ਮਖ਼ੌਲ। ਤੂੰ ਇਕ ਸੁਲਤਾਨ ਦਾ ਮਖ਼ੌਲ ਹੈਂ ਤੇ ਮੈਂ ਇਕ ਗ਼ੁਲਾਮ ਦਾ।

ਰਜ਼ੀਆ : ਤੈਨੂੰ ਗ਼ਰੂਰ ਹੋ ਗਿਆ ਹੈ!

ਯਾਕੂਤ : ਹਾਂ, ਮੇਰੇ ਵਿਚ ਗ਼ਰੂਰ ਹੈ — ਇਕ ਕਾਲੇ ਗ਼ੁਲਾਮ ਦਾ, ਆਪਣੀ ਹੋਂਦ ਦਾ। ਇਸੇ ਹੋਂਦ ਨੂੰ ਪਹਿਲਾਂ ਤੂੰ ਸਲਾਹਿਆ। ਇਸ ਦੀ ਮਹਾਨਤਾ ਦੀ ਤਾਰੀਫ਼ ਕੀਤੀ। ਇਸ ਨੂੰ ਯਾਕੂਤ ਦੀ ਚਮਕ ਨਾਲ ਤੁਲਣਾ ਦਿਤੀ। ਪਰ ਹੁਣ ਤੂੰ ਇਸ ਤੋਂ ਅੱਕ ਗਈ ਹੈਂ।

ਰਜ਼ੀਆ : ਤੂੰ ਖ਼ੁਸ਼ ਹੋ ਰਿਹਾ ਹੋਵੇਂਗਾ ਕਿ ਇਕ ਮਲਿਕਾ ਤੇਰੀਆਂ ਮਿੰਨਤਾਂ ਕਰ ਰਹੀ ਹੈ। ਤੇਰੇ ਤਰਲੇ ਕਰ ਰਹੀ ਹੈ। ਲੈ, ਮੈਂ ਤੇਰੇ ਅੱਗੇ ਝੁਕਦੀ ਹਾਂ — ਇਸ ਮੁਲਕ ਦੀ ਸੁਲਤਾਨ, ਅਲਤਮਸ਼ ਦੀ ਧੀ, ਜੋ ਅੱਜ ਤਕ ਕਿਸੇ ਅੱਗੇ ਨਾ ਝੁਕੀ, ਤੇਰੇ ਪੈਰਾਂ ਵਿਚ ਡਿਗਦੀ ਹੈ।

ਯਾਕੂਤ : ਹੱਟ ਜਾ! ਤੂੰ ਕੇਵਲ ਧੋਖੇ ਦੀ ਦੁਨੀਆਂ ਵਿਚ ਪੁੰਗਰ ਸਕਦੀ ਹੈਂ। ਇਕ ਅਮੀਰ ਨੂੰ ਦੂਜੇ ਨਾਲ ਲੜਾ ਕੇ ਅੱਗੇ ਵਧ ਸਕਦੀ ਹੈਂ। ਮੈਨੂੰ ਹਰ ਚੀਜ਼ ਤੋਂ ਨਫ਼ਰਤ ਹੈ!

(ਬਾਹਰੋਂ ਸ਼ੋਰ ਸੁਣਾਈ ਦੇਂਦਾ ਹੈ। ਅਲਪਤਗੀਨ ਦਾਖ਼ਿਲ ਹੁੰਦਾ ਹੈ।)

ਅਲਪਤਗੀਨ : ਮਲਿਕਾਇ-ਆਲੀਆ, ਬਹੁਤ ਬੁਰੀ ਖ਼ਬਰ ਮਿਲੀ ਹੈ।

ਰਜ਼ੀਆ : ਕਹੋ।

ਅਲਪਤਗੀਨ : ਇਸ਼ਾ ਦੀ ਨਮਾਜ਼ ਪਿੱਛੋਂ ਅਲਤੂਨੀਆਂ ਦੀ ਫ਼ੌਜ ਨੇ ਦੱਖਣੀ ਦਰਵਾਜ਼ੇ ਵਲੋਂ ਸਾਡੇ ਸੁੱਤੇ ਸਿਪਾਹੀਆਂ ਉਤੇ ਹਮਲਾ ਕੀਤਾ ਤੇ ਸੱਤਰ ਤੰਬੂ ਜਲਾ ਦਿਤੇ। ਸਾਡੇ ਡੇਢ ਸੌ ਤੋਂ ਵਧ ਸਿਪਾਹੀ ਮਾਰੇ ਗਏ। ਨਾਲ ਹੀ ਅਨਾਜ ਦੇ ਭੰਡਾਰੇ ਵੀ ਸਾੜ ਦਿਤੇ। ਸਾਡੇ ਸਿਪਾਹੀਆਂ ਦੇ ਹੌਸਲੇ ਟੁੱਟ ਗਏ। ਦਿੱਲੀ ਤੋਂ ਰਸਦ ਦਾ ਸਿਲਸਿਲਾ ਵੀ ਕੱਟਿਆ ਗਿਆ ਹੈ।

ਰਜ਼ੀਆ : ਕਬੀਰ-ਖ਼ਾਨਿ-ਅਯਾਜ਼ ਨੂੰ ਸੁਨੇਹਾ ਭੇਜੋ ਕਿ ਝਟਪਟ ਆਪਣੀ ਪੂਰੀ ਫ਼ੌਜ ਲੈ ਕੇ ਸਾਡੇ ਨਾਲ ਆ ਮਿਲੇ।

ਅਲਪਤਗੀਨ : ਦਿੱਲੀ ਵਿਚ ਇਹ ਅਫ਼ਵਾਹ ਫੈਲੀ ਹੋਈ ਹੈ ਕਿ ਇਸ ਵੇਲੇ ਤੁਸੀਂ ਬਠਿੰਡੇ ਦੀ ਮੁਹਿੰਮ ਵਿਚ ਰੁਝੇ ਹੋਏ ਹੋ। ਕਬੀਰ-ਖ਼ਾਨਿ-ਅਯਾਜ਼ ਬਲਬਨ ਨਾਲ ਮਿਲ ਗਿਆ ਹੈ। ਸਾਡੇ ਸਿਪਾਹੀਆਂ ਨੇ ਖ਼ਬਰ ਦਿਤੀ ਹੈ ਕਿ ਸ਼ਾਮ ਵੇਲੇ ਇਥੋਂ ਦਸ ਕੋਹ ਦੇ ਫ਼ਾਸਲੇ ਤੇ ਉਨ੍ਹਾਂ ਨੇ ਕੁਝ ਘੋੜ-ਸਵਾਰਾਂ ਨੂੰ ਜੰਗਲ ਵਿਚ ਘੁੰਮਦੇ

ਦੇਖਿਆ। ਸਹੀ ਅੰਦਾਜ਼ਾ ਤਾਂ ਨਹੀਂ ਹੋ ਸਕਿਆ, ਪਰ ਹੋ ਸਕਦਾ ਹੈ ਉਹ ਬਲਬਨ ਦੇ ਖ਼ੁਫ਼ੀਆ ਆਦਮੀ ਹੋਣ।

ਰਜ਼ੀਆ : ਜਲਦੀ ਕਰੋ। ਨਵਾਂ ਦਸਤਾ ਦੱਖਣ ਵਾਲੇ ਪਾਸੇ ਭੇਜ ਦਿਤਾ ਜਾਵੇ ਤੇ ਘੋੜ-ਸਵਾਰਾਂ ਨੂੰ ਪਹਿਲੀ ਸਫ਼ ਦੇ ਹਿਫ਼ਾਜ਼ਤੀ ਮੋਰਚੇ ਉੱਤੇ ਖੜਾ ਕੀਤਾ ਜਾਵੇ। ਕਿਲ੍ਹੇ ਵਲ ਵੀ ਫ਼ੌਜ ਦੁਗਣੀ ਕੀਤੀ ਜਾਵੇ। ਇਹ ਨਾ ਹੋਵੇ ਕਿ ਅਸੀਂ ਦੋ ਦੁਸ਼ਮਣਾਂ ਵਿਚਕਾਰ ਘਿਰ ਜਾਈਏ। ਜਾਓ, ਜਲਦੀ ਕਰੋ।

(ਅਲਪਤਗੀਨ ਜਾਂਦਾ ਹੈ।)

(ਸੰਨਾਟਾ) ਇਹ ਕਿਸ ਤਰ੍ਹਾਂ ਹੋ ਸਕਦਾ ਹੈ ?

ਯਾਕੂਤ : ਤੁਸੀਂ ਕਬੀਰ-ਖ਼ਾਨਿ-ਅਯਾਜ਼ ਨੂੰ ਸਿਰ ਤੇ ਚੜ੍ਹਾਇਆ ਤੇ ਉਸ ਨਮਕ-ਹਰਾਮ ਨੇ ਮੌਕਾ ਮਿਲਣ ਸਾਰ ਹੋਛਾ ਵਾਰ ਕੀਤਾ।

ਰਜ਼ੀਆ : ਜੇ ਉਸ ਨੂੰ ਨਾ ਕੁਚਲਿਆ ਗਿਆ ਤਾਂ ਦੂਜਿਆਂ ਨੂੰ ਸ਼ਹਿ ਮਿਲੇਗੀ...ਇਹ ਬੜਾ ਡੂੰਘਾ ਜ਼ਖ਼ਮ ਹੈ। ਉਸ ਨੇ ਬਗ਼ਾਵਤ ਕਰ ਕੇ ਵਿਸ਼ਵਾਸ ਦਾ ਗਲ ਘੁਟ ਦਿਤਾ।

ਯਾਕੂਤ : ਹਰ ਪਾਸੇ ਧੋਖਾ ਤੇ ਫ਼ਰੇਬ। ਮੈਂ ਸੁਲਤਾਨਾਂ ਤੇ ਤਾਕਤ ਦੇ ਭੁੱਖਿਆਂ ਤੋਂ ਤੰਗ ਆ ਚੁਕਾ ਹਾਂ। ਇਹ ਤਾਕਤ ਕਿਸ ਵਾਸਤੇ ? ਤਾਂ ਕਿ ਆਪਣੇ ਤੋਂ ਕਮਜ਼ੋਰ ਲੋਕਾਂ ਦਾ ਖ਼ੂਨ ਵਹਾ ਸਕਣ। ਵਿਰੋਧੀ ਨੂੰ ਸਿਰ ਚੁਕਣ ਤੋਂ ਪਹਿਲਾਂ ਹੀ ਕੁਚਲ ਦੇਣ ਤੇ ਲੋਥਾਂ ਦੇ ਢੇਰ ਲਾ ਦੇਣ। ਜਾਂ ਫਿਰ ਸਾਰੇ ਮੁਲਕ ਵਿਚ ਹਵਸ, ਤਬਾਹੀ ਤੇ ਮੌਤ ਫੈਲਾ ਦੇਣ। ਅਤੇ ਅਭਾਗੀਆਂ ਤੀਵੀਆਂ ਤੇ ਵਿਲਕਦੇ ਬੱਚਿਆਂ ਨੂੰ ਕੀੜਿਆਂ ਵਾਂਗ ਮਸਲ ਦੇਣ। ਤੁਹਾਡੀ ਤਾਕਤ ਨੇ ਕੀ ਕਿਸੇ ਵੀ ਜਿਊਂਦੀ ਲੋਥ ਵਿਚ ਨਵੀਂ ਰੂਹ ਪਾਈ ? ਕਿਸੇ ਹਨੇਰੇ ਘਰ ਵਿਚ ਚਾਨਣ ਕੀਤਾ ? ਕਿਸੇ ਇਕ ਵੀ ਸਿਸਕਦੇ ਬੱਚੇ ਦੀ ਅੱਖ ਦਾ ਹੰਝੂ ਪੂੰਝਿਆ ? ਇਸ ਅਮੁਕ ਭਿਆਨਕ ਸੰਘਰਸ਼ ਪਿਛੋਂ ਵੀ ਕੀ ਤੁਹਾਡਾ ਦਿਲ ਮਾਰੂਥਲਾਂ ਦੀ ਇਕੱਲ ਲਈ ਨਹੀਂ ਤੜਪਦਾ ?

ਰਜ਼ੀਆ : ਯਾਕੂਤ, ਮੈਂ ਏਸੇ ਇਕੱਲ ਲਈ ਬੇਚੈਨ ਸਾਂ, ਤੇਰੇ ਲਈ। ਸਿਰਫ਼ ਤੇਰੇ ਵਾਸਤੇ ਮੈਂ ਇਹ ਲੰਬਾ ਸਫ਼ਰ ਕੀਤਾ। ਲੋਕ ਆਖਣਗੇ ਕਿ ਮੈਂ ਅਲਤੂਨੀਆਂ ਦੀ ਬਗ਼ਾਵਤ ਨੂੰ ਦਬਾਉਣ ਲਈ ਲਸ਼ਕਰ ਲੈ ਕੇ ਆਈ। ਪਰ ਇਹ ਬਗ਼ਾਵਤ ਮੇਰੇ ਸੀਨੇ ਅੰਦਰ ਮੌਘ ਰਹੀ ਸੀ — ਖ਼ੂਨ ਦੀ ਬਗ਼ਾਵਤ। ਇਸ ਦੇ ਪ੍ਰਗਟਾਵੇ ਲਈ ਮਾਰੂ ਥਲਾਂ ਦੇ ਅਮੁਕ ਪਸਾਰ ਦੀ ਲੋੜ ਸੀ, ਦੂਰ ਦੁਮੇਲ ਤਕ, ਅਕਾਸ਼ ਤੋਂ ਧਰਤੀ ਤਕ, ਜਿਥੇ ਸਿਰਫ਼ ਤੂੰ ਹੋਵੇਂ। ਮੈਨੂੰ ਆਪਣੀਆਂ ਬਾਹਵਾਂ ਵਿਚ ਜਕੜ ਲੈ।

ਯਾਕੂਤ : ਤੇਰੀਆਂ ਇਨ੍ਹਾਂ ਕਾਲੀਆਂ ਅੱਖਾਂ ਦੀ ਡੂੰਘਾਈ ਵਿਚ ਬਿਜਲੀਆਂ ਤੜਪਦੀਆਂ ਹਨ। ਇਹ ਮੇਰੀਆਂ ਰਗਾਂ ਵਿਚ ਅੱਗ ਭਰ ਦੇਂਦੀਆਂ ਹਨ ਤੇ ਮੇਰੇ ਵਜੂਦ ਨੂੰ ਜਲਾ ਕੇ ਰਾਖ ਕਰ ਦਿੰਦੀਆ ਹਨ। ਤੇਰਾ ਪਿਆਰ ਤੇਰੇ ਵਾਂਗ ਅਨੋਖਾ ਹੈ। ਜਿਸ ਨੂੰ ਤੂੰ ਪਿਆਰ ਕਰਦੀ ਹੈਂ, ਉਸ ਨੂੰ ਤਬਾਹ ਕਰ ਦੇਂਦੀ ਹੈਂ। ਤੈਨੂੰ ਸੀਨੇ ਨਾਲ ਲਾ ਕੇ ਮੇਰੇ ਸਭ ਸੁਫ਼ਨੇ ਪਿਘਲ ਗਏ। ਬਾਪ ਦਾਦੇ ਦੀ ਹੀਣਤਾ ਮੁਕ ਗਈ। ਮੇਰੀਆਂ ਬਾਹਵਾਂ ਵਿਚ ਸਾਰੀ ਦੁਨੀਆਂ ਸਿਮਟ ਆਈ ਹੈ। ਇਹ ਕਿਹੋ ਜਿਹਾ ਸੁਫ਼ਨਾ ਹੈ। ਇਹ ਕਿਹੋ ਜਿਹੀ ਅਸਲੀਅਤ ਹੈ। ਹੇ ਰੱਬਾ ਇਸ ਘੜੀ ਨੂੰ ਸਦੀਵੀ ਬਣਾ ਦੇ! ਤੈਨੂੰ ਬਾਹਵਾਂ ਵਿਚ ਲਈ ਮੈਂ ਰਾਤ ਦੀ ਕਾਲੀ

ਘੇਹ ਵਿਚ ਉਤਰਦਾ ਜਾਵਾਂ। ਕੁਝ ਨਜ਼ਰ ਨਾ ਆਵੇ। ਹੋਸ਼ ਨਾ ਰਹੇ। ਵੇਲਾ ਥੰਮ ਜਾਵੇ। ਹੇ ਪਰਵਰਦਗਾਰ, ਮੈਨੂੰ ਤੌਫ਼ੀਕ ਦੇ ਕਿ ਮੈਂ ਇਸ ਮੁਹੱਬਤ ਨੂੰ ਸਾਂਭ ਕੇ ਤੇਰੀ ਦਰਗਾਹ ਵਿਚ ਆਵਾਂ!

(ਬਲਬਨ ਨੰਗੀ ਤਲਵਾਰ ਲਈ ਸਿਪਾਹੀਆਂ ਦੇ ਨਾਲ ਆਉਂਦਾ ਹੈ। ਦੂਜੇ ਪਾਸੇ ਅਲਤੂਨੀਆਂ। ਸਭ ਯਾਕੂਤ ਨੂੰ ਘੇਰ ਲੈਂਦੇ ਹਨ।)

**ਅਲਤੂਨੀਆ :** ਮੈਨੂੰ ਮੁਆਫ਼ ਕਰਨਾ, ਮਲਿਕਾਇ-ਆਲੀਆ। ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਮੈਂ ਇਹ ਗੁਸਤਾਖ਼ੀ ਕਰਾਂਗਾ ਅਤੇ ਤੁਹਾਡੇ ਵਿਰੁਧ ਤਲਵਾਰ ਚੁਕਾਂਗਾ। ਪਰ ਇਹ ਤੁਹਾਡੀ, ਸ਼ਾਹੀ ਖ਼ਾਨਦਾਨ ਦੀ ਤੇ ਸਾਡੇ ਤੁਰਕਾਂ ਦੀ ਇੱਜ਼ਤ ਦਾ ਸਵਾਲ ਹੈ। ਅਤੇ ਇਸ ਸ਼ਮਸੀ ਤਖ਼ਤ ਦੀ ਨੇਕਨਾਮੀ ਦਾ ਜੋ ਸੁਲਤਾਨ ਅਲਤਮਸ਼ ਨੂੰ ਬਹੁਤ ਅਜ਼ੀਜ਼ ਸੀ। ਸ਼ਮਸੀ ਦਰਬਾਰ ਵਿਚ ਇਸ ਹਬਸ਼ੀ ਦੀ ਮੌਜੂਦਗੀ ਸਾਡੇ ਸਾਂਝੇ ਮਨੋਰਥ ਲਈ ਖ਼ਤਰਾ ਹੈ। ਤੁਸੀਂ ਸਾਡੀ ਮਲਿਕਾ ਹੋ, ਇਸ ਸਲਤਨਤ ਦੀ ਸੁਲਤਾਨ ਪਰ ਇਹ ਤੁਹਾਡਾ ਨਿੱਜੀ ਮਾਮਲਾ ਨਹੀਂ, ਤੁਹਾਡੇ ਵਫ਼ਾਦਾਰ ਹੋਣ ਦੇ ਨਾਤੇ ਅਸੀਂ ਆਪਣਾ ਫ਼ਰਜ਼ ਨਿਭਾਉਣ ਉਤੇ ਮਜਬੂਰ ਹਾਂ। ਇਹ ਤਲਵਾਰਾਂ ਮਿਆਨ ਵਿਚੋਂ ਇਸ ਲਈ ਨਹੀਂ ਨਿਕਲੀਆਂ ਕਿ ਤੁਹਾਡੇ ਤੋਂ ਅਸੀਂ ਆਕੀ ਹਾਂ, ਸਗੋਂ ਇਸ ਲਈ ਕਿ ਤੁਹਾਡੀ ਰੱਖਿਆ ਕਰ ਸਕੀਏ।

(ਯਾਕੂਤ ਵਲ ਵਧਦਾ ਹੈ।)

**ਬਲਬਨ :** ਕਮੀਨੇ ਹਬਸ਼ੀ, ਇਹ ਤਲਵਾਰ ਤੁਰਕਾਂ ਦੀ ਬੇਇੱਜ਼ਤੀ ਦਾ ਬਦਲਾ ਲਵੇਗੀ!

**ਯਾਕੂਤ :** ਖ਼ਬਰਦਾਰ ਜੇ ਅੱਗੇ ਵਧਿਆ!

**ਬਲਬਨ :** ਹੁਣ ਤੂੰ ਦਿੱਲੀ ਵਾਪਸ ਨਹੀਂ ਜਾ ਸਕੇਂਗਾ। ਥਲ ਦੇ ਇਸ ਰੇਤੇ ਵਿਚ ਹੀ ਤੇਰੀ ਲੋਥ ਤੜਪੇਗੀ।

**ਯਾਕੂਤ :** ਗ਼ੱਦਾਰ!

(ਬਲਬਨ ਵਾਰ ਕਰਦਾ ਹੈ। ਦੋਵੇਂ ਇਕ ਦੂਜੇ ਤੇ ਝਪਟਦੇ ਹਨ। ਅਲਤੂਨੀਆਂ ਵੀ ਵਾਰ ਕਰਦਾ ਹੈ।)

ਠਹਿਰੋ! ਮੇਰੇ ਨੇੜੇ ਆਉਣ ਦੀ ਕੋਸ਼ਿਸ਼ ਨਾ ਕਰਨਾ। ਮੈਂ ਜਮਾਂਦਰੂ ਗ਼ੁਲਾਮ ਹਾਂ। ਇਹ ਠੀਕ ਹੈ। ਮਿੱਟੀ ਵਾਂਗ ਕਾਲਾ, ਜਿਸ ਨੂੰ ਹਮੇਸ਼ਾ ਪੈਰਾਂ ਹੇਠ ਮਿਧਿਆ ਗਿਆ। ਪਰ ਸਾਡਾ ਮਜ਼ਹਬ ਸਾਨੂੰ ਬਰਾਬਰ ਦਾ ਰੁਤਬਾ ਦੇਂਦਾ ਹੈ। ਰੱਬ ਦੀ ਨਜ਼ਰ ਵਿਚ ਅਸੀਂ ਸਭ ਇਕ ਹਾਂ। ਉਹ ਸਾਨੂੰ ਖ਼ੂਨ ਤੇ ਰੰਗ ਤੋਂ ਨਹੀਂ, ਅਮਲ ਤੋਂ ਪਰਖਦਾ ਹੈ। ਮੈਂ ਗ਼ੁਲਾਮੀ ਦੀਆਂ ਹੱਦਾਂ ਵਿਚ ਰਹਿ ਕੇ ਆਜ਼ਾਦੀ ਦੀ ਉਸ ਵਿਸ਼ਾਲਤਾ ਨੂੰ ਛੂਹਿਆ ਹੈ ਜਿਸ ਨੂੰ ਤੁਸੀਂ ਕਦੇ ਵੀ ਨਹੀਂ ਛੂਹ ਸਕਦੇ ਕਿਉਂ ਜੋ ਤੁਸੀਂ ਆਪਣੀ ਦੌਲਤ, ਤਾਕਤ ਤੇ ਹਵਸ ਦੇ ਗ਼ੁਲਾਮ ਹੋ। ਜਦੋਂ ਸੁਲਤਾਨ ਨੇ ਮੇਰੇ ਉਤੇ ਮਿਹਰਬਾਨੀਆਂ ਕੀਤੀਆਂ ਤੇ ਮਲਿਕਾ ਨੇ ਇਹਸਾਨਾਂ ਨਾਲ ਨਿਵਾਜ਼ਿਆ ਤਾਂ ਮੈਂ ਹੋਰ ਵੀ ਜ਼ੰਜੀਰਾਂ ਵਿਚ ਬੰਨ੍ਹਿਆ ਗਿਆ। ਮੈਂ ਉਨ੍ਹਾਂ ਅਹਿਸਾਨਾਂ ਨੂੰ ਠੋਕਰ ਮਾਰਦਾ ਹਾਂ। ਇਸ ਖੋਖਲੀ ਮਹਾਨਤਾ ਉਤੇ ਥੁੱਕਦਾ ਹਾਂ। ਇਹ ਤਲਵਾਰ ਮੈਂ ਤੁਹਾਡੇ ਕਦਮਾਂ ਵਿਚ ਸੁਟਦਾ ਹਾਂ। ਮੇਰਾ ਈਮਾਨ ਹੀ ਹੁਣ ਮੇਰੀ ਨੰਗੀ ਤਲਵਾਰ ਹੈ। ਆਪਣੀ ਆਜ਼ਾਦੀ ਹਾਸਿਲ ਕਰਨ ਖ਼ਾਤਰ ਮੈਂ ਆਪਣੇ ਆਪ ਨੂੰ ਮੌਤ ਦੇ ਹਵਾਲੇ ਕਰਦਾ ਹਾਂ।

(ਸਿਪਾਹੀਆਂ ਉਤੇ ਟੁੱਟ ਪੈਂਦਾ ਹੈ। ਤਿੰਨ ਭਾਲੇ ਉਸ ਦੇ ਸਰੀਰ ਨੂੰ

ਵਿੰਨ੍ਹ ਦੇਂਦੇ ਹਨ। ਉਹ ਜ਼ਮੀਨ ਉੱਤੇ ਡਿੱਗ ਪੈਂਦਾ ਹੈ ਤੇ ਦਮ ਤੋੜ ਦਿੰਦਾ ਹੈ। ਬਲਬਨ ਤੇ ਉਸ ਦੇ ਸਿਪਾਹੀ ਚਲੇ ਜਾਂਦੇ ਹਨ। ਰਜ਼ੀਆ ਯਾਕੂਤ ਦੀ ਲਾਸ਼ ਨਾਲ ਲਿਪਟ ਕੇ ਰੋਣ ਲਗਦੀ ਹੈ।)

ਅਲਤੂਨੀਆ : ਮੈਂ ਤੈਨੂੰ ਇਸੇ ਥਲ ਵਿਚ ਮਿਲਣ ਲਈ ਤੜਪਦਾ ਸਾਂ। ਜਿਨ੍ਹਾਂ ਉੱਤੇ ਤੈਨੂੰ ਮਾਣ ਸੀ ਉਹ ਤੈਨੂੰ ਮੇਰੇ ਹਵਾਲੇ ਕਰ ਗਏ।

ਰਜ਼ੀਆ : ਮੇਰੇ ਨੇੜੇ ਨਾ ਆਵੀਂ।

ਅਲਤੂਨੀਆ : ਮੈਂ ਤੇਰਾ ਦੁਖ ਸਮਝਦਾ ਹਾਂ। ਉਹ ਈਮਾਨਦਾਰ ਸੀ, ਬਹਾਦਰ, ਵਫ਼ਾਦਾਰ। ਪਰ ਹੁਣ ਉਹ ਖ਼ਤਮ ਹੋ ਗਿਆ ਹੈ। ਮੈਂ ਏਸੇ ਕੁਰਬਾਨੀ ਲਈ ਤਰਸਦਾ ਰਿਹਾ ਜੋ ਯਾਕੂਤ ਦੇ ਭਾਗਾਂ ਵਿਚ ਸੀ। ਤੂੰ ਰੋ ਰਹੀ ਹੈਂ। ਇਹ ਰੇਤ ਆਪਣੇ ਵਿਚ ਖ਼ੂਨ ਸਮੋ ਸਕਦੀ ਹੈ, ਪਰ ਤੇਰੇ ਹੰਝੂ ਨਹੀਂ। ਮੇਰੀ ਮਲਿਕਾ, ਤੂੰ ਸਦਾ ਮੇਰੇ ਦਿਲ ਵਿਚ ਵਸੀ ਰਹੀ। ਤੈਨੂੰ ਇਕ ਨਜ਼ਰ ਦੇਖਣ ਲਈ ਮੈਂ ਤੇਰੇ ਮਹਿਲ ਦੇ ਗਿਰਦ ਕਈ ਕਈ ਪਹਿਰ ਘੁੰਮਦਾ ਰਿਹਾ। ਸਫ਼ੈਦ ਕਿਲ੍ਹੇ ਵਿਚ ਤੈਨੂੰ ਮਿਲਣ ਆਇਆ। ਨਿਕਾਹ ਲਈ ਬੇਨਤੀ ਕੀਤੀ, ਪਰ ਤੂੰ ਮੈਨੂੰ ਠੁਕਰਾ ਦਿੱਤਾ। ਇਹ ਕੰਡਾ ਚੁਭਦਾ ਰਿਹਾ। ਇਕ ਤੂਫ਼ਾਨੀ ਜਜ਼ਬਾ, ਇਕ ਜਨੂਨ। ਇਸੇ ਜਜ਼ਬੇ ਨੇ ਮੈਨੂੰ ਬਗ਼ਾਵਤ ਉੱਤੇ ਮਜਬੂਰ ਕੀਤਾ। ਤੈਨੂੰ ਮਿਲਣ ਦਾ ਹੋਰ ਕੋਈ ਰਾਹ ਨਹੀਂ ਸੀ, ਤੈਨੂੰ ਹਾਸਿਲ ਕਰਨ ਦੀ ਹੋਰ ਕੋਈ ਤਦਬੀਰ ਨਹੀਂ ਸੀ। ਮੈਂ ਤੈਨੂੰ ਪਿਆਰ ਕਰਦਾ ਹਾਂ।

ਰਜ਼ੀਆ : ਇਹ ਸਾਜ਼ਿਸ਼ ਹੈ। ਭਿਆਨਕ ਮਨਸੂਬਾ, ਜ਼ਲੀਲ ਗ਼ੱਦਾਰੀ!

ਅਲਤੂਨੀਆ : ਇਹ ਗ਼ੱਦਾਰੀ ਦਿੱਲੀ ਦੇ ਦਰਬਾਰੀਆਂ ਦੀ ਹੈ। ਇਹ ਸਾਜ਼ਿਸ਼ ਉਨ੍ਹਾਂ ਨੇ ਕੀਤੀ। ਮੈਂ ਸਿਰਫ਼ ਤੇਰੀ ਖ਼ਾਤਰ—ਮਹਬੂਬ ਮਲਿਕਾ, ਮੇਰੀ ਬਗ਼ਾਵਤ ਮੇਰੀ ਮੁਹੱਬਤ ਦੀ ਦਲੀਲ ਹੈ।

ਰਜ਼ੀਆ : ਤੂੰ ਘ੍ਰਿਣਾਯੋਗ ਹੈਂ। ਤੇਰਾ ਗੁਨਾਹ ਘ੍ਰਿਣਾਯੋਗ ਹੈ। ਮੈਂ ਤੈਨੂੰ ਕਦੇ ਮੁਆਫ਼ ਨਹੀਂ ਕਰ ਸਕਦੀ।

ਅਲਤੂਨੀਆ : ਮੈਂ ਜਜ਼ਬੇ ਦਾ ਗ਼ੁਲਾਮ ਹਾਂ। ਮੇਰੀ ਰੂਹ ਨੂੰ ਦੇਖ ਜਿਸ ਵਿਚ ਤੇਰੀ ਨਫ਼ਰਤ ਦਾ ਖ਼ੰਜਰ ਉਤਰ ਗਿਆ ਹੈ। ਮੈਂ ਤੜਪ ਰਿਹਾ ਹਾਂ। ਉਸ ਮਨੁੱਖ ਦੀ ਕਿਸਮਤ ਦੋਜ਼ਖ਼ ਦੀ ਅੱਗ ਹੈ ਜੋ ਆਪਣੇ ਮਹਿਬੂਬ ਨੂੰ ਹਾਸਿਲ ਕਰਕੇ ਵੀ ਉਸ ਦੀ ਨਫ਼ਰਤ ਦਾ ਨਿਸ਼ਾਨਾ ਹੋਵੇ। ਮੇਰੀ ਬਦਕਿਸਮਤੀ। ਤੈਨੂੰ ਉਸ ਨਾਲ ਪਿਆਰ ਹੈ ਜੋ ਇਸ ਦੁਨੀਆਂ ਵਿਚ ਨਹੀਂ। ਕਾਸ਼, ਉਸ ਦੀ ਥਾਂ ਮੇਰੀ ਲਾਸ਼ ਹੁੰਦੀ!

ਰਜ਼ੀਆ : ਉਸ ਨੂੰ ਆਪਣੀ ਹੋਣੀ ਦਾ ਪਤਾ ਸੀ। ਉਸ ਦੀ ਅੰਤਮ ਚੀਖ਼ ਵਿਚ ਡਰਾਉਣੀ ਭਵਿੱਖ ਬਾਣੀ ਸੀ ਜੋ ਮੇਰੇ ਕੰਨਾਂ ਨੇ ਉਸ ਵੇਲੇ ਸੁਣੀ ਜਦੋਂ ਉਸ ਨੇ ਅੰਤਮ ਸੁਆਸ ਲਿਆ। ਇਸ ਥਲ ਦੀ ਰੇਤ ਉਸ ਨੂੰ ਢੱਕ ਦੇਵੇਗੀ ਤੇ ਭੁੱਲ ਜਾਵੇਗੀ। ਪਰ ਉਸ ਦਾ ਲਹੂ ਰੇਤੇ ਵਿਚ ਨਹੀਂ ਮੇਰੇ ਸੀਨੇ ਵਿਚ ਚੋ ਰਿਹਾ ਹੈ। ਇਹ ਖ਼ੰਜਰ ਮੇਰੇ ਸੀਨੇ ਵਿਚ ਘੋਪ ਦੇ ਤਾਂ ਜੁ ਮੈਂ ਤੜਪ ਤੜਪ ਕੇ ਆਪਣੇ ਮਹਿਬੂਬ ਦੀ ਲਾਸ਼ ਉੱਤੇ ਜਾਨ ਦੇ ਦੇਵਾਂ।

ਅਲਤੂਨੀਆ : ਤੂੰ ਭਾਵਨਾਵਾਂ ਵਿਚ ਅੰਨ੍ਹੀ ਹੋ ਗਈ ਹੈਂ। ਇਹ ਥਲ, ਇਹ ਰੇਤਾ, ਇਹ ਮਿੱਟੀ ਤੇਰੀ ਥਾਂ ਨਹੀਂ। ਤੂੰ ਹੁਣ ਵੀ ਮਲਿਕਾ ਹੈਂ — ਇਸ ਇਲਾਕੇ ਦੀ, ਇਕ ਜੰਗੀ ਕਿਲ੍ਹੇ ਦੀ ਤੇ ਮੇਰੇ ਦਿਲ ਦੀ। ਮੈਨੂੰ ਮੁਆਫ਼ ਕਰ ਦੇ। ਮੈਂ ਜੋ ਕੁਝ ਵੀ ਕੀਤਾ ਤੇਰੇ ਪਿਆਰ ਵਿਚ ਅੰਨ੍ਹਾ ਹੋ ਕੇ ਕੀਤਾ।

ਰਜ਼ੀਆ : ਖ਼ਬਰਦਾਰ ਜੇ ਮੈਨੂੰ ਹੱਥ ਲਾਇਆ। ਮੇਰੇ ਅੰਦਰ ਨਫ਼ਰਤ ਉੱਬਲ ਰਹੀ ਹੈ — ਉਨ੍ਹਾਂ ਸਭ ਵਹਿਸ਼ੀ ਜਾਨਵਰਾਂ ਲਈ ਜੋ ਮੈਨੂੰ ਇਥੇ ਛੱਡ ਗਏ।

ਅਲਤੂਨੀਆ : ਦਿੱਲੀ ਦੇ ਅਮੀਰਾਂ ਨੂੰ ਤੇਰੇ ਹੰਝੂਆਂ ਦੀ ਭਾਰੀ ਕੀਮਤ ਚੁਕਾਣੀ ਪਵੇਗੀ। ਅਲਤੂਨੀਆ ਦੀ ਤਲਵਾਰ ਉਨ੍ਹਾਂ ਸਭ ਤੋਂ ਬਦਲਾ ਲਵੇਗੀ। ਬਲਬਨ ਤੋਂ ਵੀ। ਤੂੰ ਉਸ ਨੂੰ ਮੁਆਫ਼ ਕਰ ਦਿੱਤਾ ਸੀ, ਪਰ ਉਹ ਆਪਣੀ ਹੀਣਤਾ ਨਹੀ ਸੀ ਭੁਲਿਆ। ਮੈਂ ਉਨ੍ਹਾਂ ਸਾਰਿਆਂ ਦਾ ਬਦਲਾ ਲਵਾਂਗਾ। ਮੇਰੀ ਸਾਰੀ ਫ਼ੌਜ ਤੇਰੇ ਹੁਕਮ ਨੂੰ ਉਡੀਕਦੀ ਹੈ। ਗੱਖੜਾਂ ਤੇ ਜੱਟਾਂ ਦੀ ਫ਼ੌਜ ਸਾਡੇ ਨਾਲ ਹੈ। ਅਫ਼ਗਾਨਾਂ ਨੇ ਮਦਦ ਦਾ ਵਾਇਦਾ ਕੀਤਾ ਹੈ ਅਤੇ ਉਨ੍ਹਾਂ ਦੇ ਘੋੜੇ ਦਿੱਲੀ ਵੱਲ ਕੂਚ ਕਰਨ ਲਈ ਬਿਹਬਲ ਹਨ। ਸਿੰਧ ਦੀਆਂ ਫ਼ੌਜਾਂ ਵੀ ਸਾਡੇ ਲਸ਼ਕਰ ਨਾਲ ਆ ਜੁੜੀਆਂ ਹਨ। ਬਹਿਰਾਮ ਸ਼ਾਹ ਹੁਣ ਦਿੱਲੀ ਦੇ ਤਖ਼ਤ ਉੱਤੇ ਚੈਨ ਨਾਲ ਨਹੀ ਬੈਠ ਸਕੇਗਾ।

ਰਜ਼ੀਆ : ਹੇ ਖ਼ੁਦਾ, ਇਹ ਕਿਹੜੇ ਗੁਨਾਹ ਦੀ ਸਜ਼ਾ ਹੈ। ਮੇਰੇ ਮਹਿਬੂਬ ਦੀ ਲਾਸ਼ ਮੇਰੇ ਸਾਹਮਣੇ ਪਈ ਹੈ ਅਤੇ ਉਸ ਦਾ ਖ਼ੂਨੀ ਮੇਥੋਂ ਪਿਆਰ ਦੀ ਭਿੱਖ ਮੰਗ ਰਿਹਾ ਹੈ। ਭਾਗਾਂ ਦਾ ਅੰਨ੍ਹਾਂ ਚੱਕਰ। ਮੇਰੇ ਮਾਲਿਕ, ਮੈਨੂੰ ਸ਼ਕਤੀ ਦੇ। ਮੈਂ ਕਮਜ਼ੋਰ ਔਰਤ ਹਾਂ। ਮੈਨੂੰ ਸਹਾਰਾ ਦੇ। ਮੈਂ ਰਾਜਨੀਤੀ ਦੀਆਂ ਚਾਲਾਂ ਨਹੀਂ ਸਮਝ ਸਕਦੀ, ਹਨੇਰੇ ਵਿਚ ਸਾਜ਼ਿਸ਼ਾਂ ਨਹੀਂ ਦੇਖ ਸਕਦੀ। ਮੈਨੂੰ ਰਸਤਾ ਦਿਖਾ, ਮੇਰੇ ਪਰਵਰਦਗਾਰ। ਮੇਰਾ ਹਰ ਕਦਮ ਗ਼ਲਤ ਉਠ ਰਿਹਾ ਹੈ। ਆਪਣੇ ਮਹਿਬੂਬ ਦੇ ਨਾਲ ਮਰ ਜਾਣਾ ਚੰਗਾ ਹੈ ਜਾਂ ਜ਼ਿੰਦਾ ਰਹਿਣਾ — ਮੈਂ ਨਹੀਂ ਜਾਣਦੀ।

ਅਲਤੂਨੀਆ : ਮੈਂ ਤੇਰਾ ਬਦਲਾ ਲਵਾਂਗਾ। ਉਠ, ਮੇਰੀ ਮਲਿਕਾ, ਮੇਰਾ ਹੱਥ ਕਬੂਲ ਕਰ। ਮੈਂ ਮਿੰਨਤ ਕਰਦਾ ਹਾਂ।

(ਅਲਤੂਨੀਆ ਅਗੇ ਵਧ ਕੇ ਰਜ਼ੀਆ ਦੇ ਹੱਥ ਨੂੰ ਚੁੰਮਦਾ ਹੈ। ਰਜ਼ੀਆ ਤਲਵਾਰ ਚੁਕ ਕੇ ਤੇਜ਼ੀ ਨਾਲ ਬਾਹਰ ਨਿਕਲ ਜਾਂਦੀ ਹੈ। ਉਸਦੇ ਪਿੱਛੇ ਅਲਤੂਨੀਆ ਜਾਂਦਾ ਹੈ।)

(ਹਨੇਰਾ)

## ਸੀਨ ਛੇਵਾਂ

(ਰਜ਼ੀਆ ਕਿਲ੍ਹੇ ਦੀ ਫ਼ਸੀਲ ਉੱਤੇ ਆ ਕੇ ਕੁਝ ਪਲ ਦੂਰ ਦੇਖਦੀ ਰਹਿੰਦੀ ਹੈ। ਫਿਰ ਹੌਲੀ ਹੌਲੀ ਅਗੇ ਵਧਦੀ ਹੈ। ਕਿਲ੍ਹੇਦਾਰ ਆਉਂਦਾ ਹੈ।)

ਕਿਲ੍ਹੇਦਾਰ : ਮਲਿਕਾਇ-ਆਲੀਆ, ਇਸ ਪਾਸੇ ਤਸ਼ਰੀਫ਼ ਨਾ ਲੈ ਕੇ ਜਾਉ।

ਰਜ਼ੀਆ : ਹਟ ਜਾ!

ਕਿਲ੍ਹੇਦਾਰ : ਮੇਰੇ ਮਾਲਿਕ ਦਾ ਹੁਕਮ ਹੈ ਕਿ ਉਸ ਪਾਸੇ ਕੋਈ ਨਾ ਜਾਵੇ।

ਰਜ਼ੀਆ : ਅਸੀਂ ਹੁਕਮ ਦੇਂਦੇ ਹਾਂ ਕਿ ਹਟ ਜਾਉ!

(ਕਿਲ੍ਹੇਦਾਰ ਹਟ ਜਾਂਦਾ ਹੈ।)

ਕਿਲ੍ਹੇਦਾਰ : ਜੇ ਤੁਸੀਂ ਮੌਤ ਦੀ ਇਸ ਭਿਆਨਕ ਖੇਡ ਵਲ ਵਧਣਾ ਚਾਹੁੰਦੇ ਹੋ ਤਾਂ ਤੁਹਾਡੀ ਮਰਜ਼ੀ। ਇਹ ਤਹਿਖ਼ਾਨਾ ਜੋ ਤੁਸੀਂ ਦੇਖ ਰਹੇ ਹੋ, ਇਥੋਂ ਚਾਰ ਸੁਰੰਗਾਂ ਨਿਕਲਦੀਆਂ ਸਨ — ਚਹੁੰਆਂ ਪਾਸੇ। ਇਕ ਸਿੱਧੀ ਦਿੱਲੀ ਪਹੁੰਚਦੀ ਸੀ।

ਸੁਰੰਗਾਂ ਵਿਚ ਘੋੜ-ਸਵਾਰ ਮਸ਼ਾਲਚੀ ਸਰਪਟ ਦੌੜਦੇ ਸਨ। ਕਦੇ ਇਹ ਸੁਰੰਗਾਂ ਜੀਵਨ ਦੇ ਚਿੰਨ੍ਹ ਸਨ, ਹੁਣ ਭਿਆਨਕ ਮੌਤ ਦੇ। ਜਿਨ੍ਹਾਂ ਰਾਣੀਆਂ ਉੱਤੇ ਸ਼ੱਕ ਕੀਤਾ ਜਾਂਦਾ, ਉਨ੍ਹਾਂ ਨੂੰ ਕਤਲ ਕਰਕੇ ਇਥੇ ਸੁਟਵਾ ਦਿੱਤਾ ਜਾਂਦਾ ਸੀ। ਇਸ ਖੱਡ ਦਾ ਮੂੰਹ ਖੁਲ੍ਹਾ ਹੈ। ਖ਼ੂਨ ਨਾਲ ਲਿਬੜੇ ਸਿਰ ਤੇ ਲੋਥਾਂ ਇਸ ਦੀ ਖ਼ੁਰਾਕ ਹਨ। ਪਰ ਇਸ ਦਾ ਢਿੱਡ ਨਹੀਂ ਭਰਦਾ।

ਰਜ਼ੀਆ : ਤੂੰ ਮੈਨੂੰ ਡਰਾ ਰਿਹਾ ਹੈਂ ?

ਕਿਲ੍ਹੇਦਾਰ : ਸੱਚ ਅਰਜ਼ ਕਰ ਰਿਹਾ ਹਾਂ। ਜੋ ਮਲਿਕਾ ਇਸ ਪਾਸੇ ਆਈ ਉਹ ਵਾਪਸ ਨਾ ਗਈ। ਤੁਸੀਂ ਇਸ ਦੇ ਨੇੜੇ ਨਾ ਜਾਉ। ਨਹੀਂ ਤਾਂ ਮੇਰੇ ਮਾਲਿਕ ਗੁੱਸੇ ਹੋਣਗੇ। ਕਿਤੇ ਇਹ ਨਾ ਹੋਵੇ ਕਿ ਮੈਂ ਉਨ੍ਹਾਂ ਦੇ ਕ੍ਰੋਧ ਦਾ ਨਿਸ਼ਾਨਾ ਬਣ ਜਾਵਾਂ ਤੇ ਮੇਰੀ ਲਾਸ਼ ਤੜਫਦੀ ਨਜ਼ਰ ਆਵੇ। ਮੈਂ ਮਰਨਾ ਨਹੀਂ ਚਾਹੁੰਦਾ।

ਰਜ਼ੀਆ : ਤੂੰ ਇੰਨਾ ਬੁੱਢਾ ਹੈਂ। ਤੂੰ ਜੀਵਨ ਤੋਂ ਹੋਰ ਕੀ ਲੈਣਾ ਹੈ।

ਕਿਲ੍ਹੇਦਾਰ : ਜੀਉਂਦੇ ਰਹਿਣਾ ਹੀ ਬਹੁਤ ਵੱਡੀ ਨਿਆਮਤ ਹੈ। ਹਰ ਸਾਹ ਨਾਲ ਮੈਂ ਪੂਰੀ ਦੁਨੀਆਂ ਆਪਣੇ ਅੰਦਰ ਖਿਚ ਲੈਂਦਾ ਹਾਂ ਅਤੇ ਦੂਜੇ ਸਾਹ ਵਿਚ ਪੂਰੀ ਦੁਨੀਆਂ ਬਾਹਰ ਸੁਟ ਦਿੰਦਾ ਹਾਂ ਜੋ ਹਵਾ ਵਿਚ ਘੁਲ ਜਾਂਦੀ ਹੈ।

ਰਜ਼ੀਆ : ਤੂੰ ਕਦ ਤੋਂ ਇਥੇ ਹੈਂ ?

ਕਿਲ੍ਹੇਦਾਰ : ਮੇਰਾ ਬਾਪ ਕਿਲ੍ਹੇਦਾਰ ਸੀ। ਮੈਂ ਇਥੇ ਹੀ ਜੰਮਿਆਂ ਤੇ ਸਾਰੀ ਉਮਰ ਇਸ ਕਿਲ੍ਹੇ ਦੀ ਸੇਵਾ ਵਿਚ ਲੰਘਾ ਦਿਤੀ।

ਰਜ਼ੀਆ : ਇਹ ਕਿਲ੍ਹਾ ਕਿੰਨਾ ਪੁਰਾਣਾ ਹੈ ?

ਕਿਲ੍ਹੇਦਾਰ : ਹਜ਼ੂਰ ਮੈਨੂੰ ਆਪਣੀ ਉਮਰ ਦਾ ਪਤਾ ਨਹੀਂ। ਕਿਲ੍ਹੇ ਦੀ ਉਮਰ ਦਾ ਅੰਦਾਜ਼ਾ ਤਾਂ ਬਹੁਤ ਦੂਰ ਦੀ ਗੱਲ ਹੈ। ਸੁਣਿਆ ਹੈ ਰਾਜਾ ਅਨੰਗਪਾਲ ਨੇ ਇਸ ਨੂੰ ਬਣਵਾਇਆ। ਇਸ ਕਿਲ੍ਹੇ ਦੀ ਉਸਾਰੀ ਵਿਚ ਹਜ਼ਾਰਾਂ ਲੋਕ ਪਿਆਸੇ ਮਰ ਗਏ। ਪਹਿਲਾਂ ਸਤਲੁਜ ਇਸ ਦੀਆਂ ਕੰਧਾਂ ਨਾਲ ਖਹਿ ਕੇ ਲੰਘਦਾ ਸੀ, ਪਰ ਹੌਲੀ ਹੌਲੀ ਉਸ ਨੇ ਆਪਣਾ ਰਾਹ ਬਦਲ ਲਿਆ ਤੇ ਪਿਛੇ ਰੇਤੇ ਦਾ ਸਮੁੰਦਰ ਛਡ ਗਿਆ। ਹੁਣ ਇਹ ਰੇਤਾ ਹੀ ਕਿਲ੍ਹੇ ਦੀ ਰੱਖਿਆ ਕਰਦਾ ਹੈ।

ਰਜ਼ੀਆ : ਕਾਸ਼, ਮੈਂ ਦਿੱਲੀ ਜਾ ਸਕਦੀ।

ਕਿਲ੍ਹੇਦਾਰ : ਤੁਸੀਂ ਦਿੱਲੀ ਜਾਣ ਦੇ ਸੁਪਨੇ ਦੇਖਦੇ ਹੋ। ਮੈਂ ਇਕ ਆਮ ਸਿਪਾਹੀ ਹਾਂ, ਪਰ ਮੈਂ ਦੁਨੀਆਂ ਦੇਖੀ ਹੈ। ਅੱਜ ਤਕ ਜੋ ਸੁਲਤਾਨ ਇਕ ਵਾਰ ਦਿੱਲੀ ਛਡ ਗਿਆ, ਦੁਬਾਰਾ ਉਸ ਤਖ਼ਤ ਉੱਤੇ ਨਾ ਬੈਠ ਸਕਿਆ। ਸੁਲਤਾਨ ਬਦਲ ਗਿਆ ਤਾਂ ਦਿੱਲੀ ਦੀ ਦੁਨੀਆਂ ਬਦਲ ਗਈ। ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਹੁਣ ਇਥੇ ਹੀ ਰਹੋ।

(ਅਲਤੂਨੀਆ ਆਉਂਦਾ ਹੈ।)

ਅਲਤੂਨੀਆ : ਬੇਵਕੂਫ਼ ਬੁੱਢੇ! ਤੂੰ ਮਲਿਕਾ ਨੂੰ ਇਧਰ ਕਿਉਂ ਲੈ ਕੇ ਆਇਆ ?

ਕਿਲ੍ਹੇਦਾਰ : ਹਜ਼ੂਰ, ਮਲਿਕਾ ਫ਼ਸੀਲ ਉੱਤੇ ਟਹਿਲਦੇ ਹੋਏ ਇਧਰ ਤਸ਼ਰੀਫ਼ ਲੈ ਆਏ। ਮੈਂ ਰੋਕਿਆ ਤਾਂ ਉਨ੍ਹਾਂ ਨੇ ਮੈਨੂੰ ਹਟ ਜਾਣ ਦਾ ਹੁਕਮ ਦਿਤਾ। ਮੇਰਾ ਫ਼ਰਜ਼ ਸੀ ਕਿ ਉਨ੍ਹਾਂ ਦੇ ਨਾਲ ਰਹਾਂ।

ਅਲਤੂਨੀਆ : ਤੈਨੂੰ ਗੱਲਾਂ ਕਰਨ ਦੀ ਬੀਮਾਰੀ ਹੈ — ਇਸ ਕਿਲ੍ਹੇ ਦੇ ਪੁਰਾਣੇ ਕਿੱਸੇ ਦੁਹਰਾਉਣ ਦਾ ਖ਼ਬਤ। ਜਾਹ !

(ਕਿਲ੍ਹੇਦਾਰ ਜਾਂਦਾ ਹੈ।)

ਤੂੰ ਮੈਥੋਂ ਦੂਰ ਕਿਉਂ ਹੋ ਗਈ ? ਤੇਰੀ ਦਿਲਜੋਈ ਵਾਸਤੇ ਮੈਂ ਕੋਈ ਕਸਰ ਨਹੀਂ ਛੱਡੀ। ਇਥੋਂ ਦੇ ਲੋਕ ਖ਼ੁਸ਼ ਹਨ ਕਿ ਹੁਣ ਸੁਲਤਾਨ ਅਲਤਮਸ਼ ਦੀ ਧੀ ਉਨ੍ਹਾਂ ਦੀ ਮਲਿਕਾ ਹੈ।

ਰਜ਼ੀਆ : ਦਿੱਲੀ ਪਹੁੰਚ ਕੇ ਹੀ ਮੈਂ ਮਲਿਕਾ ਹੋ ਸਕਦੀ ਹਾਂ, ਇਥੇ ਨਹੀਂ। ਇਹ ਕਿਲ੍ਹਾ ਬਹੁਤ ਸੁੰਞਾ ਹੈ—ਇਕ ਭਿਆਨਕ ਕਾਲੇ ਵਾਵਰੋਲੇ ਵਾਂਗ ਮੈਨੂੰ ਘੇਰੀ ਰਖਦਾ ਹੈ। ਮੈਂ ਇਥੇ ਨਾ ਰਹਿ ਸਕਾਂਗੀ। ਇਥੇ ਨਾ ਜੀਵਨ ਹੈ ਨਾ ਮੌਤ। ਮੇਰੇ ਸੁਫ਼ਨਿਆਂ ਵਿਚ ਹੌਜ਼-ਸ਼ਮਸੀ ਝਿਲਮਲਾਉਂਦਾ ਹੈ ਤੇ ਕੁਤਬ ਮੀਨਾਰ ਤੋਂ ਅਜ਼ਾਂ ਦੀ ਆਵਾਜ਼ ਸੁਣਾਈ ਦੇਂਦੀ ਹੈ।

ਅਲਤੂਨੀਆ : ਮੇਰੀ ਰਜ਼ੀਆ, ਖ਼ੁਦਾ ਨੇ ਚਾਹਿਆ ਤਾਂ ਅਸੀਂ ਛੇਤੀ ਹੀ ਦਿੱਲੀ ਹੋਵਾਂਗੇ। ਸਾਡੀ ਫ਼ੌਜ ਕਿਲ੍ਹੇ ਦੇ ਦੂਜੇ ਪਾਸੇ ਇਕੱਠੇ ਹੋ ਗਈ ਹੈ। ਅਫ਼ਗਾਨਾਂ ਤੇ ਗੱਖੜਾਂ ਦੀ ਫ਼ੌਜ ਸਾਡੇ ਲਸ਼ਕਰ ਨਾਲ ਤੇਰੀ ਅਗਵਾਈ ਵਿਚ ਦਿੱਲੀ ਵਲ ਵਧੇਗੀ।

(ਨਗਾਰੇ ਦੀ ਆਵਾਜ਼। ਸਿਪਾਹੀ ਆਉਂਦੇ ਹਨ।)

ਰਜ਼ੀਆ : ਸਿਪਾਹੀਆਂ ਨੂੰ ਕੂਚ ਦਾ ਹੁਕਮ ਦਿਉ।

(ਨਗਾਰਾ)

(ਹਨੇਰਾ)

## ਸੀਨ ਸਤਵਾਂ

(ਘੋੜਿਆਂ ਦੀ ਹਿਣਹਿਣਾਹਟ। ਚੀਕਾਂ। ਆਹਨਪੋਸ਼ ਤਲਵਾਰਾਂ ਸੂਤੀ ਲੋਕਾਂ ਦਾ ਪਿੱਛਾ ਕਰਦੇ ਹਨ। ਗਲ ਵਿਚ ਫੰਦੇ ਪਾਈ ਕੈਦੀਆਂ ਨੂੰ ਘਸੀਟ ਰਹੇ ਹਨ। ਵੀਰਾਨੀ। ਰਜ਼ੀਆ ਨਿਢਾਲ ਹਾਲਤ ਵਿਚ ਦਾਖ਼ਲ ਹੁੰਦੀ ਹੈ।)

ਰਜ਼ੀਆ : ਦੋ ਦਿਨਾਂ ਤੋਂ ਇਨ੍ਹਾਂ ਜੰਗਲਾਂ ਵਿਚ ਭਟਕ ਰਹੀ ਹਾਂ। ਮੇਰੇ ਖ਼ੁਦਾ, ਮੈਂ ਥੱਕ ਗਈ ਹਾਂ। ਸਭ ਕੁਝ ਖੋਹਿਆ ਗਿਆ। ਹਰ ਪਾਸੇ ਤਬਾਹੀ। ਮੈਂ ਇਕੱਲੀ ਹਾਂ। ਸਾਰੀ ਦੁਨੀਆਂ ਵਿਚ ਇਕੱਲੀ। ਇਥੇ ਕਿਸ ਨੂੰ ਪਤਾ ਹੈ ਕਿ ਮੈਂ ਦਿੱਲੀ ਦੀ ਸੁਲਤਾਨ ਹਾਂ ਤੇ ਰੋਟੀ ਲਈ ਮੁਹਤਾਜ ਹਾਂ। ਪੈਰ ਨਹੀਂ ਉਠਦੇ। ਸਾਹਮਣੇ ਖੇਤ ਵਿਚੋਂ ਇਕ ਕਿਸਾਨ ਇਸੇ ਪਾਸੇ ਆ ਰਿਹਾ ਹੈ। ਸ਼ਾਇਦ ਉਹ ਮੇਰੀ ਮਦਦ ਕਰੇ।

(ਕਿਸਾਨ ਆਉਂਦਾ ਹੈ।)

ਕਿਸਾਨ : ਕੌਣ ਹੈਂ ਤੂੰ ?

ਰਜ਼ੀਆ : ਇਕ ਰਾਹੀ। ਦੋ ਦਿਨਾਂ ਤੋਂ ਕੁਝ ਨਹੀਂ ਖਾਧਾ ਜੇ ਤੂੰ ਕੁਝ ਖਾਣ ਨੂੰ ਦੇ ਦੇਵੇਂ ਤਾਂ ਬੜਾ ਅਹਿਸਾਨ ਹੋਵੇਗਾ।

ਕਿਸਾਨ : ਘਮਸਾਨ ਦੀ ਜੰਗ ਹੋਈ। ਸ਼ਹਿਰ ਲੁੱਟੇ ਗਏ। ਬਠਿੰਡੇ ਦਾ ਹਾਕਮ ਅਲਤੂਨੀਆ ਮਾਰਿਆ ਗਿਆ। ਗੱਖੜਾਂ ਤੇ ਅਫ਼ਗਾਨਾਂ ਦੀਆਂ ਲੋਥਾਂ ਨੂੰ ਗਿਰਝਾਂ ਖਾ ਰਹੀਆਂ ਹਨ। ਕੌਣ ਕਿਸੇ ਵਾਸਤੇ ਕਿਉਂ ਲੜਿਆ, ਕੁਝ ਪਤਾ ਨਹੀਂ ਸੀ ਚਲਦਾ। ਹਜ਼ਾਰਾਂ ਲੋਕ ਕਤਲ ਹੋ ਗਏ। ਸ਼ੁਕਰ ਕਰ ਤੂੰ ਬਚ ਗਿਆ ਹੈਂ।

ਰਜ਼ੀਆ : ਭੁੱਖ ਨਾਲ ਜਾਨ ਨਿਕਲੀ ਜਾਂਦੀ ਹੈ।

ਕਿਸਾਨ : ਮੇਰੇ ਕੋਲ ਇਕ ਰੋਟੀ ਬਚੀ ਹੈ। ਇਹ ਲੈ।

ਰਜ਼ੀਆ : ਮਿਹਰਬਾਨੀ।

(ਜ਼ਮੀਨ ਉਤੇ ਬੈਠ ਕੇ ਰੋਟੀ ਖਾਣ ਲਗਦੀ ਹੈ।)

ਕਿਸਾਨ : ਇਥੇ ਕੋਈ ਖ਼ਤਰਾ ਨਹੀਂ। ਮੈਂ ਪਾਣੀ ਦੀ ਮਟਕੀ ਲੈ ਕੇ ਆਉਂਦਾ ਹਾਂ।

(ਜਾਂਦਾ ਹੈ।)

ਰਜ਼ੀਆ : ਰੱਬ ਇਸ ਆਦਮੀ ਦਾ ਭਲਾ ਕਰੇ।

(ਰੋਟੀ ਖਾ ਕੇ ਲੇਟਦੀ ਹੈ ਤਾਂ ਸੌਂ ਜਾਂਦੀ ਹੈ। ਕਿਸਾਨ ਪਾਣੀ ਦੀ ਮਟਕੀ ਲੈ ਕੇ ਆਉਂਦਾ ਹੈ।)

ਕਿਸਾਨ : ਹੈ! ਇੰਨੀ ਛੇਤੀ ਸੌਂ ਗਿਆ ? ਤਿਹਾਇਆ ਹੀ ? ਮੈਂ ਇਸ ਲਈ ਪਾਣੀ ਲਿਆਂਦਾ ਸੀ। ਨੱਸਿਆ ਹੋਇਆ ਸਿਪਾਹੀ ਹੈ। ਜਾਂ ਕੋਈ ਅਹੁਦੇਦਾਰ... ਕਿਸੇ ਹੋਰ ਦੇਸ ਦਾ ਹੈ। ਇਸ ਦੀ ਕਬਾ ਅੰਦਰ ਇਹ ਕੀ ਚਮਕ ਰਿਹਾ ਹੈ। (ਝੁਕ ਕੇ ਦੇਖਦਾ ਹੈ।) ਸੋਨੇ ਦੀ ਜ਼ੰਜੀਰ ਤੇ ਮੋਤੀਆਂ ਦਾ ਹਾਰ। ਹਥ ਵਿਚ ਹੀਰੇ ਦੀ ਮੁੰਦਰੀ। ਇਹ ਤਾਂ ਕੋਈ ਤੀਵੀਂ ਹੈ... ਅਮੀਰ ਘਰ ਦੀ, ਜਾਂ ਸ਼ਹਿਜ਼ਾਦੀ... ਮਰਦ ਦੇ ਭੇਸ ਵਿਚ। ਸ਼ਾਇਦ ਦਿੱਲੀ ਦੇ ਸੁਲਤਾਨ ਦੇ ਖ਼ਾਨਦਾਨ ਵਿਚੋਂ ਹੋਵੇ। ਜੇ ਇਸ ਨੂੰ ਫੜਾ ਦਿਆਂ ਤਾਂ ਮੂੰਹ ਮੰਗਿਆ ਇਨਾਮ ਮਿਲੇਗਾ। ਚਲ ਕੇ ਕੋਤਵਾਲ ਨੂੰ ਦੱਸਾਂ।

(ਜਾਂਦਾ ਹੈ। ਰਜ਼ੀਆ ਪਾਸਾ ਪਰਤਦੀ ਹੈ। ਕੁਝ ਚਿਰ ਪਿਛੋਂ ਖੜਖੜਾਹਟ ਨਾਲ ਉਸ ਦੀ ਅੱਖ ਖੁਲ੍ਹਦੀ ਹੈ। ਉਹ ਘਬਰਾ ਕੇ ਉਠ ਬੈਠਦੀ ਹੈ। ਆਹਨਪੋਸ਼ ਮਸ਼ਾਲਾਂ ਲਈ ਨੇੜੇ ਤਾਣੀ ਉਸ ਦੇ ਗਿਰਦ ਖੜੇ ਹਨ।)

ਰਜ਼ੀਆ : ਤੁਸੀਂ ਕੌਣ ਹੋ ? ਖ਼ਬਰਦਾਰ ਜੇ ਮੇਰੇ ਨੇੜੇ ਆਏ। ਤੁਸੀਂ ਮੇਰੇ ਖ਼ੂਨ ਦੇ ਪਿਆਸੇ ਹੋ। ਤੁਹਾਡੇ ਅੱਗੇ ਝੁਕ ਕੇ ਜੀਵਨ ਦੀ ਭਿੱਖਿਆ ਨਹੀ ਮੰਗਾਂਗੀ। ਮੈਨੂੰ ਏਥੇ ਹੀ ਕਤਲ ਕਰ ਦਿਉ ਤਾਂ ਜੁ ਤੁਹਾਡੇ ਖ਼ੂਨੀ ਇਰਾਦਿਆਂ ਤੋਂ ਛੁੱਟ ਕੋਈ ਹੋਰ ਇਸ ਦਾ ਗਵਾਹ ਨਾ ਹੋਵੇ। ਉਸ ਭਰੋਸੇ ਤੇ ਵਿਸ਼ਵਾਸ ਨੂੰ ਪੈਰਾਂ ਵਿਚ ਰੋਲ ਦਿਉ ਜਿਸ ਤੋਂ ਤੁਸੀਂ ਜਾਣੂੰ ਨਹੀਂ। ਪਵਿੱਤਰਤਾ ਨੂੰ ਲਹੂ ਵਿਚ ਰੰਗ ਦਿਉ ਤਾਂ ਜੁ ਇਸਨੂੰ ਕੋਈ ਪਛਾਣ ਨਾ ਸਕੇ। ਮੈਂ ਇਥੇ ਹੀ ਮਰਨਾ ਚਾਹੁੰਦੀ ਹਾਂ — ਇਸੇ ਥਾਂ — ਇਸੇ ਉਜਾੜ ਵਿਚ। ਕੈਦੀ ਬਣ ਕੇ ਦਿੱਲੀ ਨਹੀ ਜਾਵਾਂਗੀ। ਸ਼ਾਇਦ ਉਸ ਸ਼ਹਿਰ ਨੂੰ ਮੇਰੀ ਲੋੜ ਨਹੀਂ। ਪਰ ਮੈਨੂੰ ਉਹ ਸ਼ਹਿਰ ਤਖ਼ਤ ਨਾਲੋਂ ਜ਼ਿਆਦਾ ਪਿਆਰਾ ਹੈ। ਉਥੇ ਮੇਰੇ ਅੱਬਾ ਦੀ ਰੂਹ ਸਾਹ ਲੈਂਦੀ ਹੈ ਅਤੇ ਮੇਰੇ ਨਾਨਾ ਦੀ ਆਵਾਜ਼ ਹੁਣ ਵੀ ਗੂੰਜਦੀ ਹੈ। ਮੈਂ ਮਰਨ ਲੱਗੀ ਹਾਂ। ਮੈਂ ਕੇਵਲ ਇਹੋ ਆਖਣਾ ਹੈ ਕਿ ਮਜ਼ਹਬ ਤੇ ਨਸਲ ਦੇ ਫ਼ਰਕ ਤੋਂ ਉਪਰ ਉਠ ਕੇ ਮੈਂ ਇਕ ਸੁਲਤਾਨ ਦੇ ਫ਼ਰਜ਼ ਅਦਾ ਕੀਤੇ।

(ਦੂਰ ਤੋਂ ਕੁਰਾਨ ਦੀ ਤਲਾਵਤ ਸੁਣਾਈ ਦੇਂਦੀ ਹੈ। ਰਜ਼ੀਆ ਗੋਡਿਆਂ ਪਰਨੇ ਬੈਠ ਕੇ ਸਿਰ ਝੁਕਾ ਦੇਂਦੀ ਹੈ। ਮਸ਼ਾਲਾਂ ਇਕ ਇਕ ਕਰਕੇ ਬੁਝ ਰਹੀਆਂ ਹਨ। ਤਲਾਵਤ ਮਰਸੀਏ ਵਾਂਗ ਹੈ।)

(ਹਨੇਰਾ)

## ਅੰਤਮ ਸੀਨ

(ਸ਼ਾਹੀ ਹਕੀਮ ਦਾਖ਼ਲ ਹੁੰਦਾ ਹੈ।)

ਸ਼ਾਹੀ ਹਕੀਮ : ਰਜ਼ੀਆ ਕਤਲ ਹੋ ਗਈ। ਦਿੱਲੀ ਦੇ ਤਖ਼ਤ ਉੱਤੇ ਬਹਿਰਾਮ ਸ਼ਾਹ ਬੈਠ ਗਿਆ। ਫਿਰ ਖ਼ੁਦਗਰਜ਼ੀ ਤੇ ਰਿਸ਼ਵਤ ਦਾ ਬਾਜ਼ਾਰ ਗਰਮ ਹੋਇਆ, ਮਕਰ ਦਾ ਜਾਲ ਫੈਲਿਆ, ਅਤੇ ਉਹ ਸ਼ਾਹੀ ਦਰਬਾਰ ਜੋ ਕਦੇ ਵਿਦਵਾਨਾਂ ਤੇ ਚਿੰਤਕਾਂ ਨਾਲ ਭਰਿਆ ਰਹਿੰਦਾ ਸੀ, ਭੰਡਾਂ ਤੇ ਡੂੰਮਣੀਆਂ ਦਾ ਅਖਾੜਾ ਬਣ ਗਿਆ। ਬ੍ਰਿੱਛਾਂ ਨੇ ਪੱਤੇ ਬਦਲੇ, ਖਟਮਲਾਂ ਨੇ ਘਰ ਬਦਲੇ, ਸੱਪ ਨੇ ਕੁੰਜ ਬਦਲੀ, ਅਤੇ ਦਿੱਲੀ ਦੇ ਦਰਬਾਰੀਆਂ ਨੇ ਵਫ਼ਾਦਾਰੀ ਬਦਲ ਲਈ।

(ਦੂਰੋਂ ਕੁਰਾਨ ਦੀ ਤਲਾਵਤ ਮਰਸੀਏ ਵਾਂਗ ਉੱਭਰਦੀ ਹੈ।)

(ਹਨੇਰਾ)